# ਰੰਗਾ ਨਾਇਕੰਮਾ

# ਡਾ .ਅੰਬੇਡਕਰ
# ਅਤੇ
# ਭਾਰਤ ਦਾ ਸੰਵਿਧਾਨ

# ਡਾ. ਅੰਬੇਡਕਰ ਅਤੇ
# ਭਾਰਤ ਦਾ ਸੰਵਿਧਾਨ

ਰੰਗਾਨਾਇਕੰਮਾ

ਸ਼ਹੀਦ ਭਗਤ ਸਿੰਘ ਯਾਦਗਾਰੀ ਪ੍ਰਕਾਸ਼ਨ, ਲੁਧਿਆਣਾ

(ਪੰਜਾਬੀ ਵਿਭਾਗ, ਰਾਹੁਲ ਫਾਉਂਡੇਸ਼ਨ, ਲਖਨਊ)

www.punjabibookspdf.com

ਅਨੁਵਾਦਕ

**ਰਜਿੰਦਰ**

ਪਹਿਲੀ ਵਾਰ — ਸਤੰਬਰ 2011

ਪ੍ਰਕਾਸ਼ਕ : ਸ਼ਹੀਦ ਭਗਤ ਸਿੰਘ ਯਾਦਗਾਰੀ ਪ੍ਰਕਾਸ਼ਨ, ਲੁਧਿਆਣਾ
(ਪੰਜਾਬੀ ਵਿਭਾਗ, ਰਾਹੁਲ ਫਾਉਂਡੇਸ਼ਨ, ਲਖਨਊ)

ਪਤਾ — 69, ਬਾਬਾ ਕਾ ਪੁਰਬਾ, ਪੇਪਰਮਿਲ ਰੋਡ,
ਨਿਸ਼ਾਤਗੰਜ, ਲਖਨਊ–226006

**ਕੀਮਤ : 15 ਰੁਪਏ**



www.punjabibookspdf.com

# ਸੰਵਿਧਾਨ ਦਾ 'ਖਰੜਾ' ਤਿਆਰ ਕਰਨ 'ਚ ਅੰਬੇਡਕਰ ਦੀ ਭੂਮਿਕਾ

## • ਰੰਗਾਨਾਇਕੰਮਾ

**ਅੰਬੇਡਕਰ** ਬਾਰੇ ਦੋ ਅਹਿਮ ਮੁੱਦੇ ਹੋਰ ਹਨ ਜਿਹਨਾਂ ਦਾ ਸਾਨੂੰ ਪਰੀਖਣ ਕਰਨਾ ਪਏਗਾ। ਉਹ ਹਨ: ਭਾਰਤ ਦਾ ਸੰਵਿਧਾਨ ਅਤੇ ਧਰਮ-ਬਦਲੀ।

ਛੂਆਛਾਤ ਖਿਲਾਫ਼ ਸੰਘਰਸ਼ ਕਰਨ 'ਚ ਅੰਬੇਡਕਰ ਕਈ ਤਰ੍ਹਾਂ ਨਾਲ਼ ਸਰਗਰਮ ਸਨ। ਉਹਨਾਂ ਨੇ ਦਲਿਤਾਂ ਲਈ ਕੁਝ ਮੈਗਜ਼ੀਨਾਂ ਦਾ ਪ੍ਰਕਾਸ਼ਨ ਕੀਤਾ, ਕੁਝ ਜੱਥੇਬੰਦੀਆਂ ਸ਼ੁਰੂ ਕੀਤੀਆਂ, ਸਕੂਲ, ਕਾਲਜ ਅਤੇ ਹੋਸਟਲ ਖੁੱਲ੍ਹਵਾਏ। ਉਹਨਾਂ ਨੇ ਦਲਿਤ ਮਜ਼ਦੂਰਾਂ ਦਾ ਸੰਘ ਬਣਵਾਇਆ। ਇੱਕ ਸਿਆਸੀ ਪਾਰਟੀ ਵੀ ਖੜ੍ਹੀ ਕੀਤੀ। ਕੁਝ ਤਹਿਰੀਕਾਂ ਦੀ ਅਗਵਾਈ ਕੀਤੀ। ਅੰਬੇਡਕਰ ਦੇ ਜੀਵਨ ਬਿਰਤਾਂਤਾਂ 'ਚ ਇਹ ਸਾਰੀ ਸੂਚਨਾ ਵਿਸਥਾਰ ਨਾਲ਼ ਮਿਲ਼ਦੀ ਹੈ। ਮੈਂ ਇਹਨਾਂ ਦਾ ਵੇਰਵਾ ਦੇਣ ਨਹੀਂ ਜਾ ਰਹੀ ਹਾਂ ਕਿਉਂਕਿ ਇਸ ਲੇਖ ਦਾ ਮਕਸਦ ਅੰਬੇਡਕਰ ਦੇ ਜੀਵਨ ਵਿਰਤਾਂਤ ਦੀ ਸਮੀਖਿਆ ਕਰਨਾ ਨਹੀਂ ਹੈ। ਇਸ ਲੇਖ 'ਚ, ਮੈਂ ਮੁੱਖ ਤੌਰ 'ਤੇ ਅੰਬੇਡਕਰ ਦੀਆਂ ਉਹਨਾਂ ਕਿਰਤਾਂ ਅਤੇ ਤਹਿਰੀਕਾਂ ਦਾ ਜ਼ਿਕਰ ਕੀਤਾ ਹੈ ਜਿਹੜੀਆਂ ਦਲਿਤ ਸਵਾਲ ਨਾਲ਼ ਜੁੜੀਆਂ ਹੋਈਆਂ ਹਨ।

ਹੁਣ ਤੱਕ ਅਸੀਂ ਅੰਬੇਡਕਰ ਦਾ ਪੂਰਾ ਵੇਰਵਾ ਨਹੀਂ ਦਿੱਤਾ, ਚੱਲੋ ਕੁਝ ਜਾਣਕਾਰੀ ਹਾਸਲ ਕਰਦੇ ਹਾਂ। ਅੰਬੇਡਕਰ ਦੀ ਜਨਮ ਤਰੀਕ 14 ਅਪ੍ਰੈਲ 1891 ਹੈ। ਉਹਨਾਂ ਦਾ ਜਨਮ ਸਥਾਨ ਅੰਬਾਵਾੜਾ ਹੈ ਜਿਹੜਾ ਮਹਾਂਰਾਸ਼ਟਰ ਦੇ ਰਤਨਗਿਰੀ ਜ਼ਿਲ੍ਹੇ 'ਚ ਪੈਂਦਾ ਹੈ। ਉਹਨਾਂ ਦਾ ਪੂਰਾ ਨਾਂ ਭੀਮਰਾਓ ਰਾਮ ਜੀ ਅੰਬੇਡਕਰ ਹੈ। ਉਹਨਾਂ ਦੀ ਮਾਤ ਭਾਸ਼ਾ ਮਰਾਠੀ ਹੈ। ਉਹਨਾਂ ਦੇ ਪਿਤਾ ਜੀ ਬੰਬਈ 'ਚ ਨੌਕਰੀ ਕਰਦੇ ਸਨ, ਇਸ ਲਈ ਆਪਣਾ ਜਨਮ ਸਥਾਨ ਛੱਡ ਕੇ ਉਹ ਲੋਕ ਇੱਥੇ ਹੀ ਆ ਗਏ। ਉੱਥੇ ਉਹਨਾਂ ਨੇ 1907 'ਚ ਮੈਟ੍ਰਿਕ ਪਾਸ ਕੀਤੀ ਸੀ। ਮਗਰੋਂ ਉਹਨਾਂ ਨੇ ਬੰਬਈ 'ਚ ਬੜੌਦਾ ਦੇ ਰਾਜੇ ਦੀ ਵਿੱਤੀ ਮਦਦ ਨਾਲ਼, ਜਿਹੜੇ ਗਰੀਬ ਵਿਦਿਆਰਥੀਆਂ ਨੂੰ ਵਜੀਫਾ ਦਿਆ ਕਰਦੇ ਸਨ, 1912 'ਚ ਬੀ.ਏ. ਪੂਰੀ ਕੀਤੀ। ਉਸੇ ਰਾਜੇ ਦੀ ਮਦਦ ਨਾਲ਼ ਅੰਬੇਡਕਰ ਉੱਚ ਸਿੱਖਿਆ ਲਈ ਵਿਦੇਸ਼ ਗਏ ਅਤੇ ਅਮਰੀਕਾ ਦੀ ਕੋਲੰਬੋ ਯੂਨੀਵਰਸਿਟੀ ਤੋਂ ਐਮ. ਏ ਅਤੇ ਪੀ. ਐਚ. ਡੀ ਦੀ ਡਿਗਰੀ ਹਾਸਲ ਕੀਤੀ। ਉੱਥੋਂ 1917 'ਚ ਉਹ ਲੰਦਨ ਗਏ। ਉਹਨਾਂ ਦਾ ਉਦੇਸ਼ ਬੈਰਿਸਟਰ ਬਣਨ ਦਾ ਸੀ। ਕਿਉਂਕਿ ਉਹਨਾਂ ਨੇ ਵਿੱਤੀ ਮਦਦ ਲੈਣਾ ਬੰਦ ਕਰ ਦਿੱਤਾ ਸੀ, ਇਸ ਲਈ ਉਹਨਾਂ ਨੂੰ ਬਾਰ-ਏਟ-



www.punjabibookspdf.com

ਲਾਅ ਪੂਰਾ ਕਰੇ ਬਗੈਰ ਹੀ ਭਾਰਤ ਵਾਪਸ ਪਰਤਣਾ ਪਿਆ। 1918 'ਚ ਉਹਨਾਂ ਨੇ ਬੰਬਈ ਦੇ ਇੱਕ ਕਾਲਜ 'ਚ ਅਧਿਐਨ ਕਾਰਜ ਸ਼ੁਰੂ ਕੀਤਾ। ਦੋ ਵਰ੍ਹੇ ਮਗਰੋਂ, ਕੋਹਲਾਪੁਰ ਦੇ ਰਾਜੇ ਦੀ ਮਦਦ ਨਾਲ਼ ਉਹ ਮੁੜ ਲੰਦਨ ਗਏ ਅਤੇ ਨਾ ਸਿਰਫ਼ ਬੈਰਿਸਟਰੀ ਪੂਰੀ ਕੀਤੀ ਸਗੋਂ ਐਮ. ਐਸ. ਸੀ. ਵੀ ਕੀਤੀ। ਮਗਰੋਂ ਇੱਕ ਵਰ੍ਹੇ ਤੱਕ ਜਰਮਨੀ 'ਚ ਅਧਿਐਨ ਕੀਤਾ। 1923 'ਚ ਉਹ ਭਾਰਤ ਵਾਪਸ ਪਰਤ ਆਏ ਅਤੇ ਬੰਬਈ 'ਚ ਵਕਾਲਤ ਸ਼ੁਰੂ ਕੀਤੀ।

ਉਦੋਂ ਤੋਂ ਛੂਆਛਾਤ-ਵਿਰੋਧੀ ਤਹਿਰੀਕ, ਇਹਨਾਂ ਮੁੱਦਿਆਂ ਨਾਲ਼ ਜੁੜੀ ਸਿਆਸਤ ਅਤੇ ਲੇਖਣੀ ਉਹਨਾਂ ਦੀਆਂ ਸਰਗਰਮੀਆਂ ਦੇ ਕੇਂਦਰ ਬਿੰਦੂ ਰਹੇ ਹਨ। 1926 'ਚ ਉਹਨਾਂ ਨੂੰ ਦਲਿਤਾਂ ਦੇ ਨੁਮਾਇੰਦੇ ਦੇ ਰੂਪ 'ਚ ਬੰਬਈ ਵਿਧਾਨ ਸਭਾ 'ਚ ਅਹੁੱਦਾ ਮਿਲ਼ਿਆ। ਇਹ ਅਹੁੱਦਾ 1934 ਤੱਕ ਜਾਰੀ ਰਿਹਾ। ਇਸੇ ਤਰ੍ਹਾਂ 1942 'ਚ (1946 ਤੱਕ) ਉਹਨਾਂ ਨੂੰ ਕਿਰਤ ਵਿਭਾਗ 'ਚ ਗਵਰਨਰ ਜਨਰਲ ਦੇ ਪ੍ਰਸ਼ਾਸਕ ਦੇ ਰੂਪ 'ਚ ਅਹੁੱਦਾ ਮਿਲ਼ਿਆ।

ਅਗਸਤ 1946 'ਚ ਭਾਰਤ ਦੇ 'ਅਜ਼ਾਦ' ਹੋਣ ਮਗਰੋਂ ਉਹਨਾਂ ਨੂੰ ਨਹਿਰੂ ਦੀ ਕੈਬਿਨਟ 'ਚ ਕਾਨੂੰਨ ਮੰਤਰੀ ਬਣਾਇਆ ਗਿਆ। ਇਸ ਮੁਕਾਮ 'ਤੇ ਭਾਰਤ ਦੇ ਸੰਵਿਧਾਨ ਦਾ ਖਰੜਾ ਬਣਨਾ ਸ਼ੁਰੂ ਹੋਇਆ।

ਬ੍ਰਿਟਿਸ਼ ਸਰਕਾਰ ਨੇ ਭਾਰਤ ਨੂੰ 'ਅਜ਼ਾਦੀ' ਦੇਣ ਦਾ ਫੈਸਲਾ ਕੀਤਾ ਅਤੇ ਮਾਰਚ 1946 'ਚ ਇਹ ਐਲਾਨ ਕੀਤਾ ਕਿ ਭਾਰਤ ਸੰਵਿਧਾਨ-ਸਭਾ ਗਠਿਤ ਕਰ ਸਕਦਾ ਹੈ ਅਤੇ ਸੰਵਿਧਾਨ ਦਾ ਖਰੜਾ ਤਿਆਰ ਕਰ ਸਕਦਾ ਹੈ।

ਉਸ ਸਮੇਂ ਸਾਰੇ ਸੂਬਿਆਂ 'ਚ ਸੂਬਾਈ ਅਸੈਂਬਲੀਆਂ ਸਨ ਪਰ ਕੋਈ ਵੀ ਕੇਂਦਰੀ ਅਸੈਂਬਲੀ (ਪਾਰਲੀਮੈਂਟ) ਨਹੀਂ ਸੀ। ਹੁਣ ਇੱਕ ਕੇਂਦਰੀ ਅਸੈਂਬਲੀ ਦਾ ਗਠਨ ਹੋਣਾ ਸੀ। ਅਰਥਾਤ 'ਸੰਵਿਧਾਨ ਸਭਾ'। ਇਸ ਅਰਸੇ 'ਚ ਭਾਰਤ ਦੇ ਸਾਰੇ ਲੋਕਾਂ ਨੂੰ ਵੋਟ ਦਾ ਹੱਕ ਹਾਸਲ ਨਹੀਂ ਸੀ। ਸਿਰਫ਼ ਧਨੀ ਵਿਅਕਤੀਆਂ, ਡਾਕਟਰਾਂ ਅਤੇ ਵਕੀਲਾਂ ਵਰਗੇ ਕਾਰੋਬਾਰੀਆਂ ਅਤੇ ਉੱਚ ਜਾਤੀਆਂ ਦੇ ਕੁਝ ਲੋਕਾਂ ਨੂੰ ਅਜਿਹੇ ਵੋਟ ਦੇ ਹੱਕ ਦੀ ਵਰਤੋਂ ਕਰਨ ਦਾ ਅਧਿਕਾਰ ਹਾਸਲ ਸੀ। ਸੂਬਾਈ (ਅਸੈਂਬਲੀ) ਦੀਆਂ ਚੋਣਾਂ 'ਚ ਮੁਲਕ ਦੀ ਵਸੋਂ ਦਾ ਇੱਕ ਚੌਥਾਈ ਭਾਗ ਹਿੱਸਾ ਲਿਆ ਕਰਦਾ ਸੀ। ਇੱਕ ਚੌਥਾਈ ਵਸੋਂ ਰਾਹੀਂ ਚੁਣੇ ਗਏ ਅਸੈਂਬਲੀ ਦੇ ਮੈਂਬਰਾਂ ਨੇ ਹੀ ਹੁਣ 'ਸੰਵਿਧਾਨ ਸਭਾ' ਦੇ ਮੈਂਬਰਾਂ ਦੀ ਚੋਣ ਕਰਨੀ ਸੀ।

ਜੁਲਾਈ 1946 'ਚ 'ਸੰਵਿਧਾਨ ਸਭਾ' ਦੀ ਚੋਣ ਮੁਕੰਮਲ ਹੋਈ। ਸਾਰੇ ਸੂਬਿਆਂ ਨੂੰ ਮਿਲਾ ਕੇ ਕੁੱਲ 296 ਮੈਂਬਰ ਚੁਣੇ ਗਏ। ਫਿਰ ਵੀ ਇਹਨਾਂ 296 ਚੋਂ 96 ਮੈਂਬਰ ਅਜਿਹੇ ਸਨ ਜਿਹੜੇ ਉਸ ਸਮੇਂ ਮੌਜੂਦ ਚੋਣ ਪ੍ਰਕ੍ਰਿਆ ਤੋਂ ਹੋ ਕੇ ਨਹੀਂ ਆਏ ਸਨ ਸਗੋਂ ਜਗੀਰੂ ਰਿਆਸਤਾਂ ਦੇ ਨੁਮਾਇੰਦਿਆਂ ਦੇ ਰੂਪ 'ਚ ਹਾਸਲ ਜਗੀਰੂ ਹੱਕਾਂ ਦੇ ਨਾਤੇ ਨਾਮਜਦ ਹੋ ਕੇ ਆਏ ਸਨ। ਬਾਕੀ ਮੈਂਬਰਾਂ 'ਚ ਵੀ ਅਜਿਹੇ ਹੀ ਲੋਕ ਸਨ ਜਿਹਨਾਂ ਕੋਲ਼ ਤਰ੍ਹਾਂ-ਤਰ੍ਹਾਂ ਦੇ ਅਸਾਸੇ ਸਨ, ਉੱਚ ਜਾਤਾਂ ਤੋਂ ਸਨ ਅਤੇ ਉੱਚ ਸਿੱਖਿਆ ਨਾਲ਼ ਸੰਪੰਨ ਸਨ।

ਅੰਬੇਡਕਰ ਅਜਿਹੇ ਹੀ ਇੱਕ ਮੈਂਬਰ ਸਨ। ਉਹ ਬੰਗਾਲ ਦੀ ਮੁਸਲੀਮ ਲੀਗ ਦੇ ਮੈਂਬਰਾਂ ਦੇ ਸਮਰਥਨ ਨਾਲ਼ ਸੰਵਿਧਾਨ ਸਭਾ 'ਚ ਪ੍ਰਵੇਸ਼ ਕਰਨ 'ਚ ਸਫ਼ਲ ਹੋ ਸਕੇ ਕਿਉਂਕਿ



www.punjabibookspdf.com

ਉਹਨਾਂ ਦੇ ਮੂਲ਼ ਸੂਬੇ ਬੰਬਈ ਤੋਂ ਉਹਨਾਂ ਨੂੰ ਕਾਂਗਰਸ ਪਾਰਟੀ ਦਾ ਸਮਰਥਨ ਨਹੀਂ ਮਿਲਿਆ ਸੀ।

9 ਦਸੰਬਰ, 1946 ਤੋਂ ਸੰਵਿਧਾਨ ਸਭਾ ਨੇ ਬੈਠਕਾਂ ਦਾ ਪ੍ਰਬੰਧ ਸ਼ੁਰੂ ਕੀਤਾ। ਰਜਿੰਦਰ ਪ੍ਰਸਾਦ ਇਸਦੇ ਪ੍ਰਧਾਨ ਸਨ। (ਇੱਥੋਂ ਅਗਾਂਹ ਕਈ ਗੱਲਾਂ ਜਿਹੜੀਆਂ ਅਸੀਂ ਦੇਖਣ ਜਾ ਰਹੇ ਹਾਂ ਜਾਂ ਜਿਹਨਾਂ ਦਾ ਵਰਨਣ ਕਰਨ ਜਾ ਰਹੇ ਹਾਂ ਉਹ ਅੰਬੇਡਕਰ ਦੀ ਲੇਖਣੀ ਅਤੇ ਭਾਸ਼ਣਾਂ ਦੇ ਭਾਗ 13 ਤੋਂ ਹਨ। ਇਸ ਭਾਗ 'ਚ ਸੰਵਿਧਾਨ ਦਾ ਖਰੜਾ ਅਤੇ ਇਸ ਨਾਲ਼ ਸਬੰਧਤ ਅੰਬੇਡਕਰ ਦੇ ਭਾਸ਼ਣ ਸ਼ਾਮਲ ਹਨ)।

17 ਦਿਸੰਬਰ, 1946 ਨੂੰ ਅੰਬੇਡਕਰ ਨੇ ਸੰਵਿਧਾਨ ਸਭਾ 'ਚ ਆਪਣਾ ਪਹਿਲਾ ਭਾਸ਼ਣ ਦਿੱਤਾ ਜਿਹੜਾ ਇਸ ਤਰ੍ਹਾਂ ਸੀ:

> "ਮੈਂ ਜਾਣਦਾ ਹਾਂ ਕਿ ਅੱਜ ਅਸੀਂ ਸਿਆਸੀ, ਸਮਾਜਿਕ, ਆਰਥਿਕ ਰੂਪ ਨਾਲ਼ ਵੰਡੇ ਹੋਏ ਹਾਂ। ਅਸੀਂ ਜੰਗੀ ਖੇਮਿਆਂ ਦੇ ਸਮੂਹ ਹਾਂ ਅਤੇ ਮੈਂ ਤਾਂ ਇੱਥੋਂ ਤੱਕ ਪ੍ਰਵਾਨ ਕਰ ਸਕਦਾ ਹਾਂ ਕਿ ਸੰਭਵ ਹੈ ਅਜਿਹੇ ਖੇਮਿਆਂ ਦੇ ਆਗੂਆਂ 'ਚੋਂ ਮੈਂ ਇੱਕ ਹਾਂ। ਪਰ, ਸ਼੍ਰੀਮਾਨ! ਮੈਨੂੰ ਪੂਰਾ ਵਿਸ਼ਵਾਸ ਹੈ ਕਿ ਇਸ ਦੇ ਬਾਵਜੂਦ ਵੀ ਵਰਤਮਾਨ ਹਾਲਤਾਂ 'ਚ ਸੰਸਾਰ 'ਚ ਕੋਈ ਵੀ (ਤਾਕਤ) ਭਾਰਤ ਨੂੰ ਇੱਕ ਹੋਣ ਤੋਂ ਨਹੀਂ ਰੋਕ ਸਕਦੀ। (ਤਾੜੀਆਂ ਦੀ ਗੜਗੜਾਹਟ)। ਮੈਨੂੰ ਥੋੜ੍ਹੀ ਜਿਹੀ ਵੀ ਦੁਵਿਧਾ ਨਹੀਂ ਹੈ ਕਿ ਵੱਖ-ਵੱਖ ਜਾਤਾਂ ਅਤੇ ਧਰਮ ਹੁੰਦੇ ਹੋਏ ਵੀ ਅਸੀਂ ਕਿਸੇ ਨਾ ਕਿਸੇ ਰੂਪ 'ਚ ਇੱਕ ਹੋਵਾਂਗੇ (ਹੱਸਣ ਦੀ ਅਵਾਜ਼)। ਮੈਨੂੰ ਇਹ ਕਹਿਣ 'ਚ ਜ਼ਰਾ ਵੀ ਸੰਦੇਹ ਨਹੀਂ ਹੈ ਕਿ ਭਾਰਤ ਦੀ ਵੰਡ ਲਈ ਮੁਸਲੀਮ ਲੀਗ ਦੀ ਤਹਿਰੀਕ ਹੁੰਦੇ ਹੋਏ ਵੀ ਕਿਸੇ ਦਿਨ ਖੁਦ ਮੁਸਲਮਾਨਾਂ ਦੀਆਂ ਅੱਖਾਂ ਖੁੱਲ੍ਹਣਗੀਆਂ ਅਤੇ ਉਹ ਵੀ ਇਹ ਸੋਚਣਾ ਸ਼ੁਰੂ ਕਰ ਦੇਣਗੇ ਕਿ ਸੰਯੁਕਤ ਭਾਰਤ ਸਾਡੇ ਲਈ ਬਿਹਤਰ ਰਹੇਗਾ। (ਤੇਜ਼ ਹੱਸਣ ਦੀ ਅਵਾਜ਼ ਅਤੇ ਤਾੜੀਆਂ ਦੀ ਗੜ੍ਹਗੜਾਹਟ)......। ਮੈਂ ਇਹ ਅਪੀਲ ਕਰਦਾ ਹਾਂ ਕਿ ਅਸੀਂ ਆਪਣੇ ਨਾਅਰਿਆਂ ਨੂੰ ਦਰਕਿਨਾਰ ਕਰ ਦੇਈਏ, ਅਸੀਂ ਅਜਿਹੇ ਸ਼ਬਦਾਂ ਦੀ ਵਰਤੋਂ ਨਾ ਕਰੀਏ ਜਿਹੜੇ ਲੋਕਾਂ ਨੂੰ ਡਰਾਉਂਦੇ ਹਨ। (ਮੈਂ ਤਾਂ ਇੱਥੋਂ ਤੱਕ ਕਹਿੰਦਾ ਹਾਂ ਕਿ) ਅਸੀਂ ਆਪਣੇ ਵਿਰੋਧੀਆਂ ਦੇ ਤੁਅੱਸਬਾਂ ਨੂੰ ਭੁਲਾ ਕੇ ਉਹਨਾਂ ਨੂੰ ਨਾਲ਼ ਲਈਏ ਤਾਂ ਕਿ ਉਹ ਸਵੈ-ਇੱਛਾ ਨਾਲ਼ ਸਾਡੇ ਨਾਲ਼ ਉਸ ਰਾਸਤੇ 'ਤੇ ਚਲ ਪੈਣ ਅਤੇ ਜਿਵੇਂ ਕਿ ਮੈਂ ਕਿਹਾ ਹੈ, ਜੇਕਰ ਅਸੀਂ ਅੱਗੇ ਵੱਧਦੇ ਰਹੀਏ, ਤਾਂ ਨਿਸ਼ਚਿਤ ਤੌਰ 'ਤੇ ਏਕਤਾ ਕਾਇਮ ਰਹੇਗੀ।" (ਪੰਨਾ 9-10)।

ਇਹ ਅੰਬੇਡਕਰ ਦਾ ਵਿੱਲਖਣ ਭਾਸ਼ਣ ਸੀ! ਇਹ ਇੱਕ ਨਵੇਂ ਪ੍ਰਕਾਰ ਦਾ ਭਾਸ਼ਣ ਸੀ ਜਿਹੜਾ ਕਾਂਗਰਸ ਨੂੰ ਸਿਆਸੀ ਤੌਰ 'ਤੇ ਅਤੇ ਹਿੰਦੂਆਂ ਨੂੰ ਫ਼ਿਰਕੂ ਤੌਰ 'ਤੇ ਸੰਤੁਸ਼ਟ ਕਰ ਸਕਦਾ ਸੀ।

ਭਾਰਤ ਦੀ ਅਜ਼ਾਦੀ 'ਤੇ ਅੰਬੇਡਕਰ ਦੀ ਖੁਸ਼ੀ ਅਤੇ ਅਚਾਨਕ ਕਾਂਗਰਸ ਦੇ ਨਾਲ਼



www.punjabibookspdf.com

ਮਿਲ਼ਣ ਦੇ ਉਹਨਾਂ ਦੇ ਐਲਾਨ ਤੋਂ ਸੰਵਿਧਾਨ ਸਭਾ ਦੇ ਸਾਰੇ ਮੈਂਬਰ ਹੈਰਾਨ ਹੋ ਗਏ ਕਿਉਂਕਿ ਅੰਬੇਡਕਰ ਵਾਰੀ-ਵਾਰੀ ਖ਼ੂਬ ਚੀਖ਼ ਕੇ ਇਹ ਕਹਿ ਰਹੇ ਸਨ ਕਿ 'ਅਜ਼ਾਦੀ ਤੋਂ ਪਹਿਲਾਂ ਜਾਤ ਦਾ ਨਾਸ਼ ਜਿਹੇ ਸਮਾਜਿਕ ਸੁਧਾਰ ਹੋਣੇ ਚਾਹੀਦੇ ਹਨ' ਅਤੇ 'ਭਾਰਤ ਨੂੰ ਜਿਹੜੀ ਅਜ਼ਾਦੀ ਹਾਸਲ ਹੋਵੇਗੀ ਉਹ ਹਿੰਦੂਆਂ ਦੀ ਅਜ਼ਾਦੀ ਹੋਵੇਗੀ ਉਹ ਨੀਂਵੀਆਂ ਜਾਤਾਂ ਦੀ ਅਜ਼ਾਦੀ ਨਹੀਂ ਹੋਵੇਗੀ'।

ਅੰਬੇਡਕਰ ਦੀ ਅਪੀਲ ਇਹ ਸੀ ਕਿ 'ਅਸੀਂ ਇੱਕ ਹੋਈਏ'। ਇਸ ਨਾਲ਼ ਕਾਂਗਰਸੀਆਂ ਨੂੰ ਅਜਿਹਾ ਲੱਗਾ ਜਿਵੇਂ ਉਹ ਕਹਿ ਰਹੇ ਹੋਣ ਕਿ, "ਇਸ ਮਗਰੋਂ ਮੈਂ ਤੁਹਾਡੇ ਨਾਲ਼ ਮਿਲ਼ ਜਾਵਾਂਗਾ'।ਅੱਗੇ, ਅੰਬੇਡਕਰ ਇਹ ਕਹਿ ਰਹੇ ਸਨ, 'ਮੈਂ ਆਪਣੇ ਨਾਅਰਿਆਂ ਨੂੰ ਕਿਨਾਰੇ ਰੱਖ ਦੇਵਾਂਗਾ'। ਸੰਵਿਧਾਨ ਸਭਾ ਦੇ ਨੀਤੀ ਮਾਹਰ ਪ੍ਰਧਾਨ ਨੇ, ਜਿਹੜਾ ਕਿ ਕਾਂਗਰਸੀ ਸੀ, ਅੰਬੇਡਕਰ ਨੂੰ ਸੰਵਿਧਾਨ ਦਾ ਖਰੜਾ ਤਿਆਰ ਕਰਨ ਸਬੰਧੀ ਦੋ ਕਮੇਟੀਆਂ 'ਚ ਤੁਰੰਤ ਸ਼ਾਮਲ ਕਰ ਲਿਆ।

ਪਰ ਵਿਚਾਲੇ ਹੀ ਇੱਕ ਸਮੱਸਿਆ ਖੜ੍ਹੀ ਹੋ ਗਈ। ਅੰਬੇਡਕਰ ਦੀ ਮੈਂਬਰਸ਼ਿਪ ਖਤਮ ਹੋ ਗਈ ਕਿਉਂਕਿ ਪਹਿਲਾਂ ਉਹ ਬੰਗਾਲ ਤੋਂ ਚੁਣੇ ਗਏ ਸਨ ਅਤੇ ਹੁਣ ਪਾਕਿਸਤਾਨ ਬਣਨ ਮਗਰੋਂ ਬੰਗਾਲ ਦੀ ਵੰਡ ਹੋ ਗਈ।

ਸਾਨੂੰ ਇਹ ਜਾਣਕਾਰੀ ਨਹੀਂ ਹੈ ਕਿ ਅੰਬੇਡਕਰ ਨੂੰ ਆਪਣੇ ਨਾਲ਼ ਲੈਣ 'ਚ ਕਾਂਗਰਸ ਨੇ ਕਿਹੜੀ ਦੂਰਅੰਦੇਸ਼ੀ ਅਪਣਾਈ। ਉਹ ਇਸ ਮੈਂਬਰ ਨੂੰ ਛੱਡਣਾ ਨਹੀਂ ਚਾਹੁੰਦੇ ਸਨ। ਉਹਨਾਂ ਨੇ ਬੰਬਈ ਦੇ ਇੱਕ ਮੈਂਬਰ ਨੂੰ ਅਸਤੀਫਾ ਦੇਣ ਨੂੰ ਕਿਹਾ ਅਤੇ ਉਸ ਸੀਟ ਤੋਂ ਅੰਬੇਡਕਰ ਨੂੰ ਤੁਰੰਤ ਚੁਣ ਲਿਆ ਗਿਆ! ਹੁਣ ਕੁਝ ਮਹੀਨੇ ਪਹਿਲਾਂ ਹੀ ਅੰਬੇਡਕਰ ਨੂੰ ਬੰਬਈ 'ਚ ਕਾਂਗਰਸ ਦੀ ਹਮਾਇਤ ਨਹੀਂ ਮਿਲ਼ ਸਕੀ ਸੀ। ਪਰ ਹੁਣ ਉਹਨਾਂ ਨੂੰ ਕੋਈ ਸਮੱਸਿਆ ਨਹੀਂ ਰਹੀ। ਕਾਂਗਰਸੀਆਂ ਨੇ ਸਭ ਕੁਝ ਸੰਭਾਲ ਲਿਆ। ਇਹ ਕੇਹੀ ਹੈਰਾਨੀ! ਅੰਬੇਡਕਰ ਕਾਂਗਰਸ ਦੇ ਇੰਨੇ 'ਵਫ਼ਾਦਰ ਸਿਪਾਹੀ' ਕਿੰਞ ਬਣ ਗਏ! ਇਸ ਮਗਰੋਂ ਇੱਕ ਦੂਜੀ ਹੈਰਾਨੀ ਵੀ ਦੇਖਣ ਨੂੰ ਮਿਲ਼ੀ। ਨਹਿਰੂ ਦੀ ਨਵੀਂ ਬਣੀ ਕੈਬਿਨਟ 'ਚ ਅੰਬੇਡਕਰ ਨੂੰ ਥਾਂ ਮਿਲ਼ੀ। ਅੰਬੇਡਕਰ ਯੋਜਨਾ ਜਾਂ ਕਿਰਤ ਮੰਤਰਾਲਾ ਚਾਹੁੰਦੇ ਸਨ ਪਰ ਨਹਿਰੂ ਨੇ ਕਿਹਾ ਕਿ 'ਮਗਰੋਂ ਦੇਖਿਆ ਜਾਵੇਗਾ' ਅਤੇ ਉਹਨਾਂ ਨੂੰ ਕਾਨੂੰਨ ਮੰਤਰਾਲਾ ਦੇ ਦਿੱਤਾ। ਹੁਣ ਅੰਬੇਡਕਰ ਵੀ ਕਾਂਗਰਸੀ ਸਰਕਾਰ ਦਾ ਹਿੱਸਾ ਬਣ ਗਏ।

ਇਸ ਤੋਂ ਕੁਝ ਮਹੀਨੇ ਪਹਿਲਾਂ ਦੀ ਗੱਲ ਹੈ ਜਦੋਂ ਵੰਡ ਤੋਂ ਪਹਿਲਾਂ ਨਹਿਰੂ ਦੀ ਅੰਤਰਿਮ ਸਰਕਾਰ 'ਚ ਜਗਜੀਵਨ ਰਾਮ ਨੂੰ ਮੰਤਰੀ ਦਾ ਅਹੁੱਦਾ ਦਿੱਤਾ ਗਿਆ, ਤਾਂ ਉਸ ਸਮੇਂ ਦਲਿਤ ਜਮਾਤਾਂ ਦੇ ਸੰਘ ਨੇ ਜਗਜੀਵਨ ਰਾਮ ਨੂੰ ਚੇਤਾਵਨੀ ਦਿੱਤੀ। ਉਹਨਾਂ ਇਹ ਕਿਹਾ ਸੀ ਕਿ ਜਦੋਂ ਤਕ ਦਲਿਤ ਜਮਾਤ ਨੂੰ ਵੱਧ ਨੁਮਾਇੰਦਗੀ ਨਹੀਂ ਮਿਲ਼ ਜਾਂਦੀ ਹੈ ਉਦੋਂ ਤਕ ਉਹ ਕੈਬਿਨਟ 'ਚ ਸ਼ਾਮਲ ਨਾ ਹੋਣ। ਪਰ ਬਾਬੂ ਜਗਜੀਵਨ ਰਾਮ ਉਹਨਾਂ ਦੀ ਚਿਤਾਵਨੀ ਅੱਖੋਂ ਓਹਲੇ ਕਰਕੇ ਆਪਣੇ ਮੰਤਰੀ ਅਹੁੱਦੇ 'ਤੇ ਬਣੇ ਰਹੇ। ਦਲਿਤ ਜਮਾਤ ਦੇ ਜਿਸ ਸੰਘ ਨੇ ਪਹਿਲਾਂ ਜਗਜੀਵਨ ਰਾਮ ਨੂੰ ਸਰਕਾਰ 'ਚ ਸ਼ਾਮਲ ਨਾ ਹੋਣ ਦੀ ਚਿਤਾਵਨੀ ਦਿੱਤੀ ਸੀ, ਉਹ



www.punjabibookspdf.com

ਅੰਬੇਡਕਰ ਦੇ ਨਹਿਰੂ ਮੰਤਰੀ ਮੰਡਲ 'ਚ ਸ਼ਾਮਲ ਹੋਣ ਨਾਲ਼ ਹੁਣ ਸੰਤੁਸ਼ਟ ਹੋ ਗਿਆ!

ਅੰਬੇਡਕਰ ਦਾ ਕਾਂਗਰਸ ਸਰਕਾਰ 'ਚ ਸ਼ਾਮਲ ਹੋਣਾ ਉਹਨਾਂ ਦੀ ਈਮਾਨਦਾਰੀ 'ਤੇ ਸ਼ੱਕ ਖੜ੍ਹਾ ਕਰ ਦਿੰਦਾ ਹੈ। ਹਰ ਭਾਸ਼ਣ 'ਚ, ਜਾਂ ਜੇਕਰ ਤੇਲਗੂ ਮੁਹਾਵਰੇ ਦੀ ਵਰਤੋਂ ਕਰੀਏ ਤਾਂ 'ਉਹ ਜਦੋਂ ਵੀ ਆਪਣਾ ਮੂੰਹ ਖੋਲ੍ਹਦੇ ਹਨ', ਦਲਿਤ ਜਾਤਾਂ ਦੇ ਸਵੈ-ਮਾਣ ਦੀ ਗੱਲ ਕਰਦੇ ਹਨ। ਪਰ ਉਹਨਾਂ ਦੀ ਕਹਿਣੀ ਅਤੇ ਕਰਨੀ 'ਚ ਕੋਈ ਤਾਲਮੇਲ ਨਹੀਂ ਹੈ। ਗੱਲ ਜੂਨ, 1945 ਦੀ ਹੈ ਜਦੋਂ ਅੰਬੇਡਕਰ ਨੇ ਕਾਂਗਰਸ ਦੇ ਜ਼ੁਲਮਾਂ 'ਤੇ ਇੱਕ ਦੈਂਤ ਅਕਾਰੀ ਕਿਤਾਬ (ਭਾਗ 9) ਲਿਖੀ ਸੀ ਜਿਸਦਾ ਸਿਰਲੇਖ ਸੀ *'ਕਾਂਗਰਸ ਅਤੇ ਗਾਂਧੀ ਨੇ ਅਛੂਤਾਂ ਲਈ ਕੀ ਕੀਤਾ?'* ਦਸੰਬਰ 1946 ਵਿੱਚ ਕਾਂਗਰਸ ਦੇ ਹਿੱਤ 'ਚ ਨਾਅਰਿਆਂ ਨੂੰ ਕਿਨਾਰੇ ਰੱਖਣ ਅਤੇ ਅਗਸਤ 1947 'ਚ ਸਰਕਾਰ 'ਚ ਸ਼ਾਮਲ ਹੋਣ ਪਿੱਛੇ ਕੀ ਵਜ੍ਹਾ ਸੀ? ਜਿਸ ਕਾਂਗਰਸ ਨੇ 1945 ਤੱਕ ਅਛੂਤਾਂ ਲਈ ਕੁਝ ਨਹੀਂ ਕੀਤਾ ਸੀ, ਉਸਨੇ 1946 ਆਉਂਦੇ-ਆਉਂਦੇ ਕੀ ਕਰ ਦਿੱਤਾ? ਕੀ ਇਸਨੇ ਸੱਚਮੁੱਚ ਕੁਝ ਕੀਤਾ ਸੀ?

ਜੇਕਰ ਅੰਬੇਡਕਰ ਦਾ ਹਾਜ਼ਰ ਜਵਾਬ ਇਹ ਹੋਵੇ ਕਿ ਮੈਂ ਤਾਂ ਕਾਂਗਰਸ ਸਰਕਾਰ 'ਚ ਸ਼ਾਮਲ ਹੋਇਆ ਹਾਂ, ਕਾਂਗਰਸ ਪਾਰਟੀ 'ਚ ਨਹੀਂ ਤਾਂ ਅਜਿਹਾ ਜਵਾਬ ਕਾਫ਼ੀ ਨਹੀਂ ਹੋਵੇਗਾ। ਜੇਕਰ ਦਲਿਤ ਇਸ ਹਾਲਤ 'ਚ ਹੁੰਦੇ ਕਿ ਅਜਿਹੇ ਜੁਆਬ ਨਾਲ਼ ਸਹਿਮਤ ਹੋ ਜਾਂਦੇ ਤਾਂ ਅੰਬੇਡਕਰ ਦੀ ਇਸ ਕਿਰਤ ਨੂੰ ਇਕ ਵੱਡੇ ਕਾਰਨਾਮੇ ਦੇ ਰੂਪ 'ਚ ਪ੍ਰਵਾਨ ਕੀਤਾ ਜਾਵੇ। ਨਹੀਂ ਤਾਂ, ਇਹ ਵਿਚਾਰਸ਼ੀਲ ਦਲਿਤਾਂ ਨੂੰ ਘੋਰ ਮਾਨਸਿਕ ਪੀੜਾ ਦੇਣ ਵਾਲੀ ਕਿਰਤ ਹੈ।

ਇਸੇ ਦਰਮਿਆਨ ਇੱਕ ਤੀਜੀ ਹੈਰਾਨੀਜਨਕ ਘਟਨਾ ਘਟੀ। ਕਾਂਗਰਸ ਦੀ ਵਜ੍ਹਾ ਕਰਕੇ ਅੰਬੇਡਕਰ ਨੂੰ ਇੱਕ ਦੂਜਾ ਅਹੁਦਾ ਹਾਸਲ ਹੋਇਆ। 29 ਅਗਸਤ ਨੂੰ ਸੰਵਿਧਾਨ ਸਭਾ ਨੇ ਸੰਵਿਧਾਨ ਦਾ ਖਰੜਾ ਤਿਆਰ ਕਰਨ ਲਈ ਬਣਾਈ ਜਾਣ ਵਾਲ਼ੀ ਕਮੇਟੀ ਲਈ 7 ਵਿਅਕਤੀਆਂ ਨੂੰ ਮੈਂਬਰ ਚੁਣਿਆ ਅਤੇ ਅੰਬੇਡਕਰ ਨੂੰ ਇਸਦੇ ਪ੍ਰਧਾਨ ਦਾ ਅਹੁੱਦਾ ਮਿਲਿਆ।

ਕਮੇਟੀ ਦੇ ਮੈਂਬਰ ਇਸ ਤਰ੍ਹਾਂ ਸਨ— (1) ਅੱਲਾਦੀ ਕੁਪੁਸਵਾਮੀ ਅਈਅਰ (2) ਐਨ. ਗੋਪਾਲਸਵਾਮੀ ਅਈਅਰ (3) ਅੰਬੇਡਕਰ (4) ਕੇ. ਐੱਮ. ਮੁਨਸ਼ੀ (5) ਸਈਅਦ ਮੁਹੰਮਦ ਸਦੁੱਲਾ (6) ਆਰ. ਐੱਲ. ਮਿੱਤਲ (7) ਡੀ. ਪੀ. ਖੇਤਾਨ।

ਅੰਬੇਡਕਰ ਇਸ ਕਮੇਟੀ ਦੇ ਪ੍ਰਧਾਨ ਬਣੇ ਸਨ।

ਸ਼੍ਰੀ ਵਸੰਤ ਮੂਨ ਨੇ ਅੰਬੇਡਕਰ ਦੀਆਂ ਲਿਖਤਾਂ ਦੇ ਸਾਰੇ ਭਾਗਾਂ ਦਾ ਸੰਪਾਦਨ ਕੀਤਾ ਹੈ ਅਤੇ ਆਪਣੇ ਸੰਪਾਦਕੀ ਲੇਖ 'ਚ ਉਹਨਾਂ ਨੇ ਇਹ ਦੱਸਿਆ ਹੈ ਕਿ ਅੰਬੇਡਕਰ ਕਿਵੇਂ ਇੱਜ਼ਤ ਦੇ ਸਿਖ਼ਰ 'ਤੇ ਪੁੱਜੇ। ਉਹਨਾਂ ਨੇ ਆਪਣੇ ਸੰਪਾਦਕੀ ਲੇਖ 'ਚ ਦੱਸਿਆ ਕਿ:

> *"ਡਾ. ਅੰਬੇਡਕਰ ਜਿਹੜੇ ਕਿ ਕਾਂਗਰਸ ਦੇ ਪ੍ਰਚੰਡ ਵਿਰੋਧੀ ਸਨ, ਹੁਣ ਸੰਵਿਧਾਨਕ ਮਸਲਿਆਂ 'ਚ ਉਹਨਾਂ ਦੇ ਮਿੱਤਰ, ਫਿਲਾਸਫਰ ਅਤੇ ਰਹਿਨੁਮਾ ਬਣ ਗਏ"* (ਪੰਨਾ ਨੰ—26)।

ਸ਼੍ਰੀ ਵਸੰਤ ਮੂਨ ਇਹ ਸਵਾਲ ਨਹੀਂ ਉਠਾਉਂਦੇ ਹਨ ਕਿ ਅਜਿਹਾ ਵਿਅਕਤੀ ਜਿਹੜਾ ਕਿ ਕਾਂਗਰਸ ਦਾ ਪ੍ਰਚੰਡ ਵਿਰੋਧੀ ਰਿਹਾ ਹੋਵੇ, ਅਚਾਨਕ ਉਹਨਾਂ ਦਾ ਦੋਸਤ ਕਿਵੇਂ



www.punjabibookspdf.com

ਬਣ ਗਿਆ! ਜਿੱਥੋਂ ਤੱਕ ਕਾਂਗਰਸ ਦੇ 'ਫਿਲਾਸਫਰ ਅਤੇ ਰਹਿਨੁਮਾ' ਹੋਣ ਦੀ ਗੱਲ ਹੈ, ਤਾਂ ਅਜਿਹੇ ਵਰਨਣ ਦਾ ਕੋਈ ਅਰਥ ਨਹੀਂ। ਕਿਉਂਕਿ ਅੰਬੇਡਕਰ ਕੋਲ਼ ਅਜਿਹੀ ਕੋਈ ਨਵੀਂ ਫਿਲਾਸਫੀ ਨਹੀਂ ਹੈ ਜਿਹੜੀ ਉਹ ਕਾਂਗਰਸ ਨੂੰ ਦੇ ਸਕਣ। ਪਰ ਹੁਣ ਦੋਵਾਂ ਪੱਖਾਂ ਦੇ ਫਲਸਫੇ ਇੱਕ ਹੋ ਗਏ। ਇਸ ਤਰ੍ਹਾਂ, ਅੰਬੇਡਕਰ 'ਚ ਅਜਿਹਾ ਕੁਝ ਨਹੀਂ ਹੈ ਜਿਹੜਾ ਉਹਨਾਂ ਨੂੰ ਕਾਂਗਰਸ ਦਾ ਰਹਿਨੁਮਾ ਬਣਾ ਦੇਵੇ। ਅਸਲ 'ਚ ਕਾਂਗਰਸ ਖੁਦ ਅੰਬੇਡਕਰ ਦਾ ਰਹਿਨੁਮਾ ਬਣ ਗਈ। ਇਸ ਲਈ ਸ਼੍ਰੀ ਵਸੰਤ ਮੂਨ ਨੇ ਜਿਹੜੇ ਵਰਨਣ ਕੀਤੇ ਹਨ ਉਹ ਸਭ ਵਿਅਰਥ ਗੁਣਗਾਨ ਹਨ।

ਇੱਕ ਵਾਰੀ ਦਲਿਤ ਲੀਡਰ ਐਮ. ਸੀ. ਰਾਜਾ ਦਾ ਝੁਕਾਅ ਗਾਂਧੀ ਅਤੇ ਕਾਂਗਰਸ ਵੱਲ ਹੋ ਗਿਆ ਸੀ ਅਤੇ ਉਹਨਾਂ ਨੇ ਦਲਿਤਾਂ ਲਈ ਵਿਸ਼ੇਸ਼ ਚੋਣ ਮੰਡਲ ਦੀ ਹਮਾਇਤ ਨਹੀਂ ਕੀਤੀ ਅਤੇ ਕਿਹਾ ਸੀ ਕਿ, 'ਸਾਡਾ ਹੱਲ ਹਿੰਦੂਆਂ ਤੋਂ ਅਲੱਗ-ਥਲੱਗ ਨਾ ਰਹਿਣ 'ਚ ਹੀ ਵਿਦਮਾਨ ਹੈ'। ਇਸ ਘਟਨਾ ਦਾ ਹਵਾਲਾ ਦਿੰਦੇ ਹੋਏ ਅੰਬੇਡਕਰ ਨੇ ਇੱਕ ਵਾਰੀ ਇਹ ਅਲੋਚਨਾ ਕੀਤੀ ਸੀ ਕਿ ਰਾਜਾ ਗਾਂਧੀ ਨਾਲ਼ "**ਭਾੜੇ ਦੇ ਟੱਟੂ**" ਹਨ ਅਤੇ ਇਸ ਗੱਲ 'ਤੇ ਹੈਰਾਨੀ ਪ੍ਰਗਟ ਕੀਤੀ ਸੀ ਕਿ ਉਹਨਾਂ ਨੂੰ ਗਾਂਧੀ ਨਾਲ਼ ਇੰਨੀ ਸਾਂਝ ਕਿਉਂ ਹੋ ਗਈ, ਆਦਿ। (ਭਾਗ 5, ਪੰਨਾ 356)।

ਜਦੋਂ ਕਾਂਗਰਸ ਪਾਰਟੀ ਦੇ ਦਲਿਤ ਵਿਧਾਇਕਾਂ ਨੇ ਮਦਰਾਸ ਵਿਧਾਨ ਸਭਾ 'ਚ ਦਲਿਤ ਹਿੱਤਾਂ ਦੇ ਵਿਰੁੱਧ ਵੋਟ ਦਿੱਤੇ ਤਾਂ ਅੰਬੇਡਕਰ ਨੇ ਉਹਨਾਂ ਨੂੰ ਕਾਂਗਰਸ ਦਾ "**ਪਾਲਤੂ ਕੁੱਤਾ**" ਦੱਸਿਆ (ਭਾਗ 5, ਪੰਨਾ-345)।

ਕੀ ਇਹ ਨਹੀਂ ਕਿਹਾ ਜਾ ਸਕਦਾ ਹੈ ਕਿ ਜਿਸ ਅੰਬੇਡਕਰ ਨੇ ਦਲਿਤ ਵਿਧਾਇਕਾਂ ਦੇ ਹਿੰਦੂਆਂ ਅਤੇ ਕਾਂਗਰਸ ਦਾ ਪੱਖ ਲੈਣ ਅਤੇ ਦਲਿਤ ਹਿੱਤਾਂ ਦੇ ਵਿਰੁੱਧ ਵੋਟ ਦੇਣ 'ਤੇ ਉਹਨਾਂ ਨੂੰ "ਭਾੜੇ ਦਾ ਟੱਟੂ" ਅਤੇ "ਪਾਲਤੂ ਕੁੱਤਾ" ਕਿਹਾ ਸੀ, ਉਸੇ ਅੰਬੇਡਕਰ ਨੇ ਕਾਂਗਰਸ ਦਾ ਸਮਰੱਥਕ ਬਣ ਕੇ ਸੰਵਿਧਾਨ ਸਭਾ 'ਚ ਆਪਣੀ ਜਗ੍ਹਾ ਬਣਾ ਲਈ? ਜੋ ਰਾਜਾ ਨੇ ਕਿਹਾ ਸੀ (ਕਿ, ਅਸੀਂ ਹਿੰਦੂਆਂ ਦੇ ਨਾਲ਼ ਹੀ ਰਹੀਏ) ਅਤੇ ਜਿਹੜਾ ਅੰਬੇਡਕਰ ਨੇ ਕਿਹਾ (ਕਿ, ਅਸੀਂ ਆਪਣੇ ਨਾਅਰਿਆਂ ਨੂੰ ਵੱਖ ਰੱਖ ਲਈਏ ਅਤੇ ਇੱਕ ਹੋ ਜਾਈਏ) ਉਸ 'ਚ ਕੀ ਕੋਈ ਅੰਤਰ ਹੈ? ਜੇਕਰ ਕੋਈ ਕੰਮ ਦੂਜਾ ਕੋਈ ਹੋਰ ਕਰੇ ਤਾਂ ਇਹ 'ਵਿਸ਼ਵਾਸਘਾਤ' ਹੈ! ਓਹੀ ਕੰਮ ਜੇਕਰ ਅੰਬੇਡਕਰ ਕਰਨ ਤਾਂ ਇਹ 'ਕੌਮ ਦੀ ਸੇਵਾ' ਹੋਵੇਗੀ! ਕੀ ਅਜਿਹਾ ਹੈ? ਇਸ ਢੰਗ ਨਾਲ਼ ਅੰਬੇਡਕਰ ਨੇ 'ਸਮਾਜਿਕ ਸੁਧਾਰ' ਅਤੇ ਦਲਿਤ ਤਹਿਰੀਕ' ਨਾਲ਼ ਜੁੜੇ ਨਾਅਰਿਆਂ ਨੂੰ ਕਿਨਾਰੇ ਰੱਖ ਦਿੱਤਾ ਅਤੇ ਕਾਂਗਰਸ ਨਾਲ਼ ਦੋਸਤੀ ਅਤੇ ਏਕਤਾ ਸ਼ੁਰੂ ਕਰ ਦਿੱਤੀ।

ਜਦੋਂ ਅਸੀਂ 'ਸੰਵਿਧਾਨ' ਦੀ ਗੱਲ ਕਰਦੇ ਹਾਂ ਤਾਂ ਇਹ ਜਰੂਰੀ ਹੋ ਜਾਂਦਾ ਹੈ ਕਿ ਅਸੀਂ ਇਹ ਜਾਂਚ ਕਰੀਏ ਕਿ (1) ਇਸਦਾ ਖਰੜਾ ਕਿਸ ਤਰੀਕੇ ਨਾਲ਼ ਤਿਆਰ ਕੀਤਾ ਗਿਆ ਅਤੇ (2) ਇਸਦਾ ਤੱਤ ਕੀ ਹੈ।

**ਉਹ ਤਰੀਕਾ ਜਿਸ ਰਾਹੀਂ 'ਭਾਰਤ ਦੇ ਸੰਵਿਧਾਨ' ਦਾ ਖਰੜਾ ਤਿਆਰ ਕੀਤਾ ਗਿਆ:**



www.punjabibookspdf.com

ਖਰੜਾ ਤਿਆਰ ਕਰਨ ਲਈ ਬਣੀ 7-ਮੈਂਬਰੀ ਕਮੇਟੀ ਨੇ ਆਪਣਾ ਕੰਮ 27-10-1947 ਨੂੰ ਸ਼ੁਰੂ ਕਰ ਦਿੱਤਾ। ਭਾਵੇਂ ਉਸ ਸਮੇਂ ਤੱਕ ਸੰਵਿਧਾਨ ਦੀ ਰੂਪ-ਰੇਖਾ ਪਹਿਲਾਂ ਤਿਆਰ ਕੀਤੀ ਜਾ ਚੁੱਕੀ ਸੀ। ਸੰਵਿਧਾਨ ਸਭਾ ਦੇ ਦਫ਼ਤਰ ਦੇ ਕਰਮਚਾਰੀਆਂ ਨੇ ਖਰੜਾ ਤਿਆਰ ਹਾਲਤ 'ਚ ਰੱਖਿਆ ਸੀ। ਬੀ. ਐੱਨ. ਰਾਓ ਜਿਹੜੇ ਕਿ ਸੰਵਿਧਾਨਕ ਸਲਾਹਕਾਰ ਸਨ, ਐਸ. ਐਨ. ਮੁਖਰਜੀ ਜਿਹੜੇ ਕਿ ਖਰੜਾ ਬਣਾਉਣ ਵਾਲ਼ੇ ਸਨ ਅਤੇ ਸੰਵਿਧਾਨ ਸਭਾ ਦੇ ਕਰਮਚਾਰੀਆਂ ਨੇ ਸਾਰੇ ਕੰਮ ਨੂੰ ਅੰਜਾਮ ਦਿੱਤਾ। ਅਧਿਕਾਰੀਆਂ ਨੇ ਇੱਕ ਨਵਾਂ ਸੰਵਿਧਾਨ ਤਿਆਰ ਕੀਤਾ ਸੀ ਜਿਹੜਾ ਕਿ ਉਸ ਸਮੇਂ ਮੌਜੂਦ 'ਬ੍ਰਿਟਿਸ਼ ਇੰਡੀਆ ਐਕਟ ਆਫ਼ 1935' ਦੇ ਸੰਵਿਧਾਨ 'ਤੇ ਅਧਾਰਿਤ ਸੀ। ਉਹਨਾਂ ਨੇ ਪੁਰਾਣੇ ਸੰਵਿਧਾਨ ਦੀਆਂ 395 ਧਾਰਾਵਾਂ 'ਚੋਂ 250 ਧਾਰਾਵਾਂ ਨੂੰ ਜਾਂ ਤਾਂ ਜਿਉਂ ਦੀ ਤਿਉਂ ਤਿਆਰ ਰੱਖ ਲਿਆ ਜਾਂ ਥੋੜ੍ਹੀ ਬਹੁਤ ਸੋਧ ਨਾਲ਼ ਰੱਖਿਆ। ਇਸ ਤੋਂ ਇਲਾਵਾ, ਉਹਨਾਂ ਨੇ ਇਸ ਨਵੇਂ ਸੰਵਿਧਾਨ 'ਚ ਕੁਝ ਨੁਕਤੇ ਦੂਜੇ ਮੁਲਕਾਂ ਦੇ ਸੰਵਿਧਾਨ ਤੋਂ ਵੀ ਜੋੜੇ। ਇਸ ਤਰ੍ਹਾਂ ਉਹਨਾਂ ਨੇ ਪਹਿਲਾਂ ਹੀ 'ਸੰਵਿਧਾਨ ਦਾ ਖਰੜਾ' ਤਿਆਰ ਕਰ ਲਿਆ ਸੀ।

ਫਿਰ ਇਸ 7-ਮੈਂਬਰੀ ਕਮੇਟੀ ਤੋਂ ਕੀ ਕਰਨ ਦੀ ਉਮੀਦ ਕੀਤੀ ਗਈ ਸੀ? ਕਮੇਟੀ ਤੋਂ ਇਹ ਉਮੀਦ ਕੀਤੀ ਗਈ ਸੀ ਕਿ ਉਹ ਤਿਆਰ ਖਰੜੇ ਦੀ ਜਾਂਚ ਕਰੇ ਅਤੇ ਜੇਕਰ ਜ਼ਰੂਰੀ ਹੋਵੇ ਤਾਂ ਸੋਧ ਲਈ ਸੁਝਾਅ ਦੇਵੇ। ਸੰਵਿਧਾਨ ਸਭਾ ਦੇ ਅਧਿਕਾਰੀਆਂ ਨੇ ਇਹਨਾਂ ਸੁਝਾਵਾਂ ਨੂੰ ਮਗਰੋਂ ਸ਼ਾਮਲ ਕਰਨਾ ਸੀ।

ਸੱਤਿਆਨਰਾਇਣ ਸਿਨਹਾ ਨੇ, ਜਿਹੜੇ ਕਿ ਉਸ ਸਮੇਂ ਸੰਵਿਧਾਨ ਸਭਾ ਦੇ ਮੈਂਬਰ ਸਨ ਅਤੇ ਜਿਹਨਾਂ ਨੇ 7-ਮੈਂਬਰੀ ਕਮੇਟੀ ਦਾ ਮਤਾ ਰੱਖਿਆ ਸੀ, ਕਮੇਟੀ ਦੇ ਹੇਠਾਂ ਲਿਖੇ ਕੰਮ ਦੱਸੇ ਸਨ—

> *"...(ਸੰਵਿਧਾਨ) ਸਭਾ ਦੇ ਦਫਤਰ 'ਚ ਤਿਆਰ ਕੀਤੇ ਗਏ ਭਾਰਤ ਦੇ ਸੰਵਿਧਾਨ ਦੇ ਖਰੜੇ ਦੀ ਜਾਂਚ ਕਰਨਾ ਅਤੇ ਜ਼ਰੂਰੀ ਸੋਧਾਂ ਦਾ ਸੁਝਾਅ ਦੇਣਾ"* (ਪੰਨਾ 29)।

7-ਮੈਂਬਰੀ ਕਮੇਟੀ ਦੇ ਕਾਰਜਾਂ ਦਾ ਵਰਨਣ ਕਰਦੇ ਹੋਏ ਵਸੰਤ ਮੂਨ ਨੇ ਵੀ ਇਹ ਦੱਸਿਆ ਸੀ ਕਿ ਇਹ "**ਵਿਚਾਰ-ਵਟਾਂਦਰਾ ਅਤੇ ਮੁੜ ਨਿਰੀਖਣ ਕਰਨ 'ਚ**" ਰੁੱਝੀ ਸੀ ( ਪੰਨਾ44)। ਇਸਦਾ ਅਰਥ ਹੁੰਦਾ ਹੈ ਕਿ ਕਮੇਟੀ ਦਾ ਕਾਰਜ ਇਹ ਸੀ ਕਿ ਉਹ ਪਹਿਲਾਂ ਤੋਂ ਮੌਜੂਦ ਖਰੜੇ 'ਤੇ ਵਿਚਾਰ-ਵਟਾਂਦਰਾ ਕਰੇ ਅਤੇ ਜਿਥੇ ਕਿਤੇ ਵੀ ਜਰੂਰੀ ਹੋਵੇ, ਮੁੜ ਨਿਰੀਖਣ ਕਰੇ! ਸੰਵਿਧਾਨ ਦਾ ਖਰੜਾ ਤਿਆਰ ਕਰਨ ਲਈ 7-ਮੈਂਬਰੀ ਕਮੇਟੀ ਦੇ ਇਹੀ ਕਾਰਜ ਸਨ! ਅੰਬੇਡਕਰ ਦੀ ਪ੍ਰਧਾਨਗੀ ਇਸੇ ਉਦੇਸ਼ ਲਈ ਸੀ!

7-ਮੈਂਬਰੀ ਕਮੇਟੀ ਨੇ ਆਪਣਾ ਕੰਮ ਸ਼ੁਰੂ ਕਰ ਦਿੱਤਾ। ਇਸ ਖਰੜੇ ਦੀ ਕਾਪੀ ਆਪਣੇ ਮੂਹਰੇ ਰੱਖ ਕੇ ਇੱਕ-ਇੱਕ ਕਰਕੇ ਸਾਰੀਆਂ ਧਾਰਾਵਾਂ 'ਤੇ ਨਿਗਾਹ ਮਾਰਨੀ ਸੀ। ਜਿਹਨਾਂ ਧਾਰਾਵਾਂ ਨੂੰ ਠੀਕ ਸਮਝਿਆ ਜਾਂਦਾ ਉਹਨਾਂ ਨੂੰ ਜਿਵੇਂ ਉਹ ਹਨ ਓਵੇਂ ਹੀ ਰੱਖਿਆ ਜਾਂਦਾ। ਜਿੱਥੋਂ ਤੱਕ ਸਮਝਿਆ ਜਾਂਦਾ ਕਿ ਕਿਸੇ ਸ਼ਬਦ, ਵਾਕ ਜਾਂ ਧਾਰਾ ਨੂੰ ਬਦਲਣਾ ਚਾਹੀਦਾ



www.punjabibookspdf.com

ਹੈ, ਤਾਂ ਇਸਨੂੰ ਬਹੁਮਤ ਦੇ ਅਧਾਰ 'ਤੇ ਕੀਤਾ ਜਾਂਦਾ ਅਤੇ ਟਾਈਪਿਸਟ ਨੂੰ ਲਿਖਵਾ ਦਿੱਤਾ ਜਾਂਦਾ ਜਿਸਦਾ ਕਿ ਲਿਖਣ ਦਾ ਹੀ ਕੰਮ ਸੀ। ਮਗਰੋਂ ਅਧਿਕਾਰਕ ਖਰੜਾ ਬਣਾਉਣ ਵਾਲ਼ੇ ਮੁਖਰਜੀ ਦੁਆਰਾ ਸੁਝਾਏ ਗਏ ਬਦਲਾਵਾਂ ਨੂੰ ਸ਼ਾਮਲ ਕਰ ਲੈਂਦੇ। ਕਮੇਟੀ ਨੇ ਇਸੇ ਢੰਗ ਨਾਲ਼ ਸੰਵਿਧਾਨ ਨੂੰ ਅੰਤਮ ਰੂਪ ਦਿੱਤਾ।

ਭਾਵੇਂ ਕਮੇਟੀ ਦੇ ਸਾਰੇ ਮੈਂਬਰ ਹਰੇਕ ਮੀਟਿੰਗ 'ਚ ਸ਼ਾਮਲ ਨਹੀਂ ਹੁੰਦੇ ਸਨ, ਪਰ ਕਮੇਟੀ ਦਾ ਕੋਰਮ ਪੂਰਾ ਰਹਿੰਦਾ ਸੀ। ਇਸ ਕਾਰਜ ਲਈ ਕਮੇਟੀ ਦੀਆਂ ਮੀਟਿੰਗਾਂ 27-10-1947 ਤੋਂ 13-2-1948 ਤੱਕ ਚੱਲੀਆਂ। ਕਮੇਟੀ ਨੇ ਅੰਤਮ ਖਰੜਾ 21-2-1948 ਨੂੰ ਸਭਾਪਤੀ ਨੂੰ ਸੌਂਪਿਆ।

ਅੰਬੇਡਕਰ ਨੇ ਅੰਤਮ ਖਰੜੇ ਦੇ ਵਿਆਖਿਆ-ਪੱਤਰ 'ਚ ਸਭਾਪਤੀ ਨੂੰ ਇਹ ਸੂਚਿਤ ਕੀਤਾ ਕਿ "ਜ਼ਰੂਰੀ ਕੋਰਮ ਪੂਰਾ ਸੀ" ਅਤੇ "ਨਿਰਣੇ ਜਾਂ ਤਾਂ ਸਰਬਸੰਮਤੀ ਨਾਲ਼ ਲਏ ਗਏ ਜਾਂ ਮੌਜੂਦ ਮੈਂਬਰਾਂ ਦੇ ਬਹੁਮਤ ਦੇ ਅਧਾਰ 'ਤੇ" (ਪੰਨਾ 95)।

ਉਸੇ ਖ਼ਤ 'ਚ ਅੰਬੇਡਕਰ ਨੇ ਇਹ ਪ੍ਰਗਟ ਕੀਤਾ ਸੀ ਕਿ—

> *"ਇਸ ਮੁਸ਼ਕਲ ਕਾਰਜ ਲਈ ਕਮੇਟੀ ਨੂੰ ਜਿਹੜਾ ਸਹਿਯੋਗ ਸਰ ਬੀ. ਐੱਨ. ਰਾਜੂ ਸੰਵਿਧਾਨਕ ਸਲਾਹਕਾਰ, ਸ਼੍ਰੀ ਐੱਮ. ਐੱਨ. ਮੁਖਰਜੀ ਸੰਯੁਕਤ ਸਕੱਤਰ ਅਤੇ ਖਰੜਾਕਾਰ ਅਤੇ ਸੰਵਿਧਾਨ ਸਭਾ ਸਕੱਤਰੇਤ ਦੇ ਸਟਾਫ਼ ਤੋਂ ਮਿਲ਼ਿਆ ਉਸ ਲਈ ਕਮੇਟੀ ਧੰਨਵਾਦੀ ਹੈ"* (ਪੰਨਾ. 104)

ਇਸ ਮਗਰੋਂ ਸੰਵਿਧਾਨ ਦੇ ਖਰੜੇ ਨੂੰ ਲੋਕ ਚਰਚਾ ਲਈ ਰਾਜਪੱਤਰ 'ਚ ਪ੍ਰਕਾਸ਼ਿਤ ਕੀਤਾ ਗਿਆ।

8 ਮਹੀਨੇ ਮਗਰੋਂ, ਸੰਵਿਧਾਨ ਸਭਾ 'ਚ 4-11-1948 ਤੋਂ ਸੰਵਿਧਾਨ ਦੇ ਖਰੜੇ 'ਤੇ ਚਰਚਾ ਸ਼ੁਰੂ ਹੋਈ।

ਅੰਬੇਡਕਰ ਨੇ ਆਪਣੇ ਪਹਿਲੇ ਦਿਨ ਦੇ ਭਾਸ਼ਣ 'ਚ ਕਮੇਟੀ ਰਾਹੀਂ ਅੰਤਮ ਰੂਪ ਦਿੱਤੇ ਗਏ ਸੰਵਿਧਾਨ ਦੇ ਖਰੜੇ ਨੂੰ ਇੱਕ "ਅਜਿੱਤ ਦਸਤਾਵੇਜ਼" ਦੀ ਸੰਗਿਆ ਦਿੰਦੇ ਹੋਏ ਇਸਦੀ ਪ੍ਰਸ਼ੰਸਾ ਕੀਤੀ। ਉਹਨਾਂ ਨੇ ਧਾਰਾਵਾਂ, ਅਨੁਸੂਚੀਆਂ ਅਤੇ ਚੈਪਟਰਾਂ ਦੀ ਸੰਖਿਆ ਨਾਲ਼ ਸਬੰਧਤ ਵਰਨਣ ਦਿੱਤਾ ਅਤੇ ਇਹ ਦਾਅਵਾ ਕੀਤਾ ਕਿ:

> *"ਕਿਸੇ ਵੀ ਮੁਲਕ ਦਾ ਸੰਵਿਧਾਨ ਇੰਨਾ ਵਿਸ਼ਾਲ ਨਹੀਂ ਹੈ ਜਿੰਨਾ ਕਿ ਇਹ ਸੰਵਿਧਾਨ ਦਾ ਖਰੜਾ"* (ਪੰਨਾ ਨੰ-49)

(ਅੰਬੇਡਕਰ ਦੀ ਪ੍ਰਧਾਨਗੀ 'ਚ 7-ਮੈਂਬਰੀ ਕਮੇਟੀ ਨੇ ਇੱਕ ਅਜਿਹਾ ਵੱਡ-ਅਕਾਰੀ ਸੰਵਿਧਾਨ ਤਿਆਰ ਕਰਕੇ ਭਾਰਤ ਦੀ ਇੱਜ਼ਤ ਵਧਾ ਦਿੱਤੀ, ਜਿਹੋ ਜਿਹੀ ਕਿ ਕਿਸੇ ਵੀ ਦੇਸ਼ ਕੋਲ਼ ਨਹੀਂ ਸੀ! ਜੇਕਰ ਕਿਸੇ ਦੇਸ਼ ਕੋਲ਼ ਅਜਿਹਾ ਵੱਡ-ਅਕਾਰੀ ਸੰਵਿਧਾਨ ਨਹੀਂ ਸੀ ਫਿਰ ਤਾਂ ਪੂਰੀ ਦੁਨੀਆਂ ਨਿਰਾਸ਼ ਹੋ ਗਈ ਹੋਵੇਗੀ!)

ਸੰਵਿਧਾਨ ਸਭਾ 'ਚ ਇੱਕ ਵਰ੍ਹੇ ਤੱਕ ਸੰਵਿਧਾਨ ਦੇ ਖਰੜੇ 'ਤੇ ਚਰਚਾ ਹੁੰਦੀ ਰਹੀ। ਸੰਵਿਧਾਨ ਸਭਾ ਦੇ ਮੈਂਬਰਾਂ ਨੇ ਕਿਸੇ ਕਿਸੇ ਪੱਖ 'ਤੇ ਕੁਝ ਖਾਸ ਟਿੱਪਣੀਆਂ ਕੀਤੀਆਂ। ਉਹਨਾਂ



www.punjabibookspdf.com

ਨੇ ਕੁਝ ਸੋਧਾਂ ਦਾ ਸੁਝਾਅ ਦਿੱਤਾ। ਕੁਝ ਸੋਧਾਂ ਨੂੰ ਸੰਵਿਧਾਨ 'ਚ ਸ਼ਾਮਲ ਕਰ ਲਿਆ ਗਿਆ। ਅੰਤ 'ਚ 28-11-1949 ਨੂੰ ਸੰਵਿਧਾਨ ਸਭਾ 'ਚ ਸੰਵਿਧਾਨ ਪਾਸ ਹੋ ਗਿਆ। ਰਾਸ਼ਟਰਪਤੀ ਰਾਜੇਂਦਰ ਪ੍ਰਸਾਦ ਨੇ ਦਸਤਾਵੇਜ 'ਤੇ ਦਸਤਖ਼ਤ ਕੀਤੇ। ਇਸ ਤਰ੍ਹਾਂ 'ਅਜ਼ਾਦ' ਭਾਰਤ ਦਾ ਨਵਾਂ ਸੰਵਿਧਾਨ ਹੋਂਦ 'ਚ ਆਇਆ। ਓਹੀ ਸੰਵਿਧਾਨ ਅੱਜ ਭਾਰਤ 'ਚ ਲਾਗੂ ਹੈ।

ਹੁਣ ਤੱਕ ਅਸੀਂ ਉਸ ਤਰੀਕੇ ਦਾ ਪਰੀਖਣ ਕੀਤਾ ਕਿ ਜਿਸ ਨਾਲ਼ ਸੰਵਿਧਾਨ ਦਾ ਖਰੜਾ ਤਿਆਰ ਕੀਤਾ ਗਿਆ। ਹੁਣ ਅਸੀਂ ਇਹ ਜਾਂਚਣਾ ਹੈ ਕਿ ਸੰਵਿਧਾਨ ਦਾ ਤੱਤ ਕੀ ਹੈ।

**ਸੰਵਿਧਾਨ ਦਾ ਤੱਤ** :

ਭਾਗ 13 ਦੇ ਪੰਨੇ 105 ਤੋਂ 317 ਤੱਕ ਇਸ ਸੰਵਿਧਾਨ ਦੇ ਖਰੜੇ ਦਾ ਮੂਲ਼ਪਾਠ ਦਿੱਤਾ ਗਿਆ ਹੈ। ਇੱਥੇ ਇਸਨੂੰ ਅਸੀਂ ਬਹੁਤ ਸੰਖੇਪ 'ਚ ਦੇਖਾਂਗੇ। ਸੰਵਿਧਾਨ ਇਸ ਤਰ੍ਹਾਂ ਸ਼ੁਰੂ ਹੁੰਦਾ ਹੈ—

"**ਅਸੀਂ, ਭਾਰਤ ਦੇ ਲੋਕ** ਹਰੇਕ ਵਿਅਕਤੀ ਦੀ ਮਰਿਆਦਾ ਅਤੇ ਕੌਮ ਦੀ ਏਕਤਾ ਦੀ ਗਰੰਟੀ ਕਰਦੇ ਹੋਏ ਭਾਰਤ ਨੂੰ **ਖੁਦਮੁਖਤਿਆਰੀ-ਸੰਪੰਨ ਜਮਹੂਰੀ ਗਣਰਾਜ** ਬਣਾਉਣ ਅਤੇ ਸਾਰੇ ਲੋਕਾਂ ਨੂੰ - ਸਮਾਜਿਕ, ਆਰਥਿਕ ਅਤੇ ਸਿਆਸੀ **ਨਿਆਂ**, ਵਿਚਾਰ, ਪ੍ਰਗਟਾਵਾ, ਵਿਸ਼ਵਾਸ, ਧਰਮ ਅਤੇ ਪੂਜਾ ਦੀ ਅਜ਼ਾਦੀ, ਅਹੁੱਦੇ ਅਤੇ ਮੌਕਿਆਂ ਦੀ **ਬਰਾਬਰੀ** ਦਿਵਾਉਣ ਲਈ ਅਤੇ ਸਭ 'ਚ ਭਾਈਚਾਰਾ ਵਧਾਉਣ ਲਈ ਸੱਚਾਈ ਨਾਲ਼ ਦ੍ਰਿੜ ਸੰਕਲਪ ਹੋ ਕੇ **ਆਪਣੀ ਸੰਵਿਧਾਨ ਸਭਾ 'ਚ** ਅੱਜ ਤਾਰੀਖ਼ 15 ਮਈ, 1948 ਨੂੰ **ਇਸ ਸੰਵਿਧਾਨ ਨੂੰ ਅੰਗੀਕਾਰ, ਅਧਿਨਿਯਮਿਤ ਕਰਦੇ ਹਾਂ ਅਤੇ ਖੁਦ ਨੂੰ ਇਸ ਨੂੰ ਸੌਂਪਦੇ ਹਾਂ।**" (ਪੰਨਾ 105)

'ਸਮਾਜਿਕ, ਆਰਥਿਕ ਅਤੇ ਸਿਆਸੀ ਨਿਆਂ, ਅਜ਼ਾਦੀ, ਭਾਈਚਾਰਾ, ਏਕਤਾ' —ਇਹ ਸਭ ਬਕਵਾਸ ਗੱਲਾਂ ਹਨ! ਜਿਸ ਤਰ੍ਹਾਂ ਪੂਜਾਰੀ ਧਾਰਮਿਕ ਰਸਮਾਂ 'ਚ ਊਟਪਟਾਂਗ 'ਮੰਤਰਾਂ' ਦਾ ਧਾਰਾਪ੍ਰਵਾਹ ਪਾਠ ਕਰਦੇ ਹਨ ਜਿਹੜਾ ਕਿ ਨਿਰਾ ਬੇਅਰਥ ਹੁੰਦਾ ਹੈ, ਠੀਕ ਉਂਵੇਂ ਹੀ ਇਸ ਸੰਵਿਧਾਨ ਦੇ ਇਹ ਸ਼ਬਦ ਵੀ ਸੱਖਣੇ ਹਨ, ਬੇਅਰਥ ਹਨ, ਬਕਵਾਸ ਹਨ!

ਉਹ ਕੌਣ ਲੋਕ ਸਨ ਜਿਹਨਾਂ ਨੇ ਇਸ ਸੰਵਿਧਾਨ ਦਾ ਖਰੜਾ ਤਿਆਰ ਕੀਤਾ ਅਤੇ ਇਸ 'ਤੇ ਚਰਚਾ ਕੀਤੀ? ਉਹ ਸੰਵਿਧਾਨ ਸਭਾ ਦੇ ਮੈਂਬਰ ਸਨ, ਜਾਂ ਕਿ ਨਹੀਂ? ਇਹ ਮੈਂਬਰ ਕੀਹਨਾਂ ਦੀ ਨੁਮਾਇੰਦਗੀ ਕਰਦੇ ਸਨ? ਕਿਸ ਤਰ੍ਹਾਂ ਦੀ ਚੋਣ ਪ੍ਰਕ੍ਰਿਆ ਰਾਹੀਂ ਸੰਵਿਧਾਨ ਸਭਾ 'ਚ ਪਹੁੰਚੇ ਸਨ? ਉਹ ਇੱਕ ਅਜਿਹੀ ਚੋਣ ਰਾਹੀਂ ਹੋ ਕੇ ਆਏ ਸਨ ਜਿਸ 'ਚ ਵਸੋਂ ਦੇ ਤਿੰਨ-ਚੌਥਾਈ ਲੋਕਾਂ ਨੂੰ ਵੋਟ ਦੇਣ ਦਾ ਹੱਕ ਨਹੀਂ ਸੀ। ਲਗਭਗ 100 ਮੈਂਬਰ ਜਗੀਰਦਾਰ (ਜਗੀਰੂ ਹਾਕਮ) ਸਨ ਜਿਹੜੇ ਕਿ ਸੰਵਿਧਾਨ ਸਭਾ 'ਚ ਬਿਨਾਂ ਕਿਸੇ ਚੋਣ ਪ੍ਰਕ੍ਰਿਆ ਦੇ ਪਹੁੰਚੇ। ਕੀ ਇਹ ਲੋਕਾਂ ਦਾ ਸੰਵਿਧਾਨ ਕਿਹਾ ਜਾਵੇਗਾ ਜਦੋਂ ਕਿ ਇਸ ਤਰ੍ਹਾਂ ਦੇ ਮੈਂਬਰਾਂ ਰਾਹੀਂ ਇਸ 'ਤੇ ਚਰਚਾ ਕੀਤੀ ਗਈ ਅਤੇ ਇਸਨੂੰ ਅਪਣਾਇਆ ਗਿਆ ਹੋਵੇ? ਕੀ ਇਹ ਅਜਿਹਾ ਸੰਵਿਧਾਨ ਹੈ ਜਿਸਨੂੰ ਭਾਰਤ ਦੇ ਲੋਕਾਂ ਨੇ ਆਪਣੀ ਇੱਛਾ ਨਾਲ਼ ਅਪਣਾਇਆ ਹੋਵੇ?

ਕੀ ਅੰਬੇਡਕਰ ਇਹਨਾਂ ਸਾਰੀਆਂ ਗੱਲਾਂ ਤੋਂ ਅਣਜਾਣ ਹਨ? ਉਹ ਪੂਰੀ ਤਰ੍ਹਾਂ ਜਾਣੂ ਹਨ। ਇਹ ਸ਼੍ਰੀਮਾਨ ਜੀ ਜਦੋਂ ਵੀ ਆਪਣਾ ਮੂੰਹ ਖੋਲ੍ਹਦੇ ਹਨ ਤਾਂ ਜਮਹੂਰੀਅਤ ਦੀ ਗੱਲ



www.punjabibookspdf.com

ਕਰਦੇ ਹਨ, ਪਰ ਹੁਣ ਉਹਨਾਂ ਨੂੰ ਸੰਵਿਧਾਨ ਸਭਾ ਦੇ ਗਠਨ ਦੇ ਗੈਰ-ਜਮਹੂਰੀ ਸੁਭਾਅ ਬਾਰੇ ਕੋਈ ਚਿੰਤਾ ਨਹੀਂ ਹੈ।

ਸਵਾਲ ਇਹ ਨਹੀਂ ਹੈ ਕਿ ਕੋਈ ਸੰਵਿਧਾਨ ਵੱਡ-ਅਕਾਰੀ ਹੈ ਜਾਂ ਛੋਟਾ। ਮਹੱਤਵਪੂਰਨ ਸਵਾਲ ਇਹ ਹੈ ਕਿ 'ਸੰਪੱਤੀ' ਅਤੇ 'ਕਿਰਤ' ਬਾਰੇ ਇਹਨਾਂ ਦਾ ਕੀ ਕਹਿਣਾ ਹੈ। ਅਸੀਂ ਮੁੱਖ ਤੌਰ 'ਤੇ ਅਜਿਹੀਆਂ ਗੱਲਾਂ ਦੀ ਨਜ਼ਰਸ਼ਾਨੀ ਕਰਨੀ ਹੈ।

ਜਿਸ ਸੰਵਿਧਾਨ ਨੂੰ ਅਸੀਂ ਦੇਖਣ ਜਾ ਰਹੇ ਹਾਂ ਉਹ ਕਈ ਭਾਗਾਂ 'ਚ ਹੈ।

'ਸੰਪੱਤੀ' ਦਾ ਵਰਨਣ ਭਾਗ 3 'ਚ ਹੈ। ਜਦੋਂ ਕਿ 'ਕਿਰਤ' ਦੀ ਕਿਤੇ ਕੋਈ ਚਰਚਾ ਨਹੀਂ ਹੈ।

**ਅਸੀਂ ਇਹਨਾਂ ਭਾਗਾਂ ਦੀ ਸੰਖੇਪ 'ਚ ਜਾਂਚ-ਪੜਤਾਲ਼ ਕਰਾਂਗੇ —**

**ਭਾਗ 1—** ਇਸ 'ਚ ਭਾਰਤ ਸੂਬਾ-ਸੰਘ, ਇਸਦਾ ਖੇਤਰ ਅਤੇ ਇਸਦੇ ਖੇਤਰਾਧਿਕਾਰ ਦੀ ਚਰਚਾ ਹੈ। ਭਾਰਤ ਸੂਬਿਆਂ ਦਾ ਸੰਘ ਹੈ। 'ਸੂਬੇ' ਦਾ ਮਤਲਬ ਹੈ ਕਿਸੇ ਵੀ ਤਰ੍ਹਾਂ ਦੀ ਹਕੂਮਤੀ ਇਕਾਈ— ਇਸਦੀ ਹਕੂਮਤ ਕਿਸੇ ਸਰਕਾਰ ਜਾਂ ਮੁੱਖ ਕਮਿਸ਼ਨਰ ਦੇ ਅਧੀਨ ਹੋ ਸਕਦੀ ਹੈ। ਸੰਸਦ ਸੂਬਿਆਂ ਦੇ ਨਾਂ ਅਤੇ ਉਹਨਾਂ ਦੀਆਂ ਹੱਦਾਂ ਕਾਨੂੰਨ ਰਾਹੀਂ ਬਦਲ ਸਕਦੀ ਹੈ। ਸੂਬਿਆਂ ਦੀ ਗਿਣਤੀ ਨੂੰ ਘਟਾਇਆ ਵੀ ਜਾ ਸਕਦਾ ਹੈ ਅਤੇ ਵਧਾਇਆ ਵੀ ਜਾ ਸਕਦਾ ਹੈ।

**ਭਾਗ 2 —** ਨਾਗਰਿਕਤਾ। ਹਰੇਕ ਵਿਅਕਤੀ ਨੂੰ ਨਾਗਰਿਕਤਾ ਹਾਸਲ ਹੋਵੇਗੀ, ਇਹ ਭਾਵੇਂ ਜਨਮ ਕਰਕੇ ਹੋਵੇ, ਸਥਾਈ ਨਿਵਾਸ ਕਰਕੇ ਹੋਵੇ ਜਾਂ ਵੰਸ਼ਜ ਕਰਕੇ ਹੋਵੇ।

**ਭਾਗ 3 —** ਮੌਲਿਕ ਹੱਕ। ਸਾਰੇ ਨਾਗਰਿਕਾਂ ਨੂੰ ਜੀਵਨ ਦੇ ਹਰ ਖੇਤਰ 'ਚ ਬਰਾਬਰੀ ਦੇ ਸਾਰੇ ਹੱਕ ਹਾਸਲ ਹੋਣਗੇ। ਸਟੇਟ (ਸਰਕਾਰ) ਧਰਮ, ਜਾਤ, ਵਰਣ ਜਾਂ ਲਿੰਗ ਦੇ ਅਧਾਰ 'ਤੇ ਕੋਈ ਭੇਦ ਨਹੀਂ ਕਰੇਗੀ। ਸਭਨਾਂ ਨਾਗਰਿਕਾਂ ਨੂੰ ਬਰਾਬਰ ਹੱਕ ਹਾਸਲ ਹੋਣਗੇ ਅਤੇ ਉਹ ਆਮ ਸਰੋਤਾਂ ਅਤੇ ਸਰਵਜਨਕ ਥਾਵਾਂ ਦੀ ਵਰਤੋਂ ਕਰ ਸਕਦੇ ਹਨ। ਸਟੇਟ ਨੂੰ ਇਹ ਹੱਕ ਹੋਵੇਗਾ ਕਿ ਉਹ ਪੱਛੜੀ ਜਮਾਤ ਦੇ ਹਿੱਤ 'ਚ ਰਾਜਕੀ ਸੇਵਾਵਾਂ 'ਚ ਰਿਜ਼ਰਵੇਸ਼ਨ ਦੇ ਸਕਦੀ ਹੈ। (ਪੰਨਾ 110)

1. ਛੂਆਛਾਤ ਸਮਾਪਤ ਕੀਤੀ ਜਾਂਦੀ ਹੈ ਅਤੇ ਕਿਸੇ ਵੀ ਰੂਪ 'ਚ ਇਸ ਦਾ ਪਾਲਣ ਵਰਜਿਤ ਹੈ। ਇਹ ਕਾਨੂੰਨੀ ਤੌਰ 'ਤੇ ਸਜ਼ਾਯੋਗ ਜ਼ੁਰਮ ਹੋਵੇਗਾ। (ਪੰਨਾ 110)।

2. ਰਾਜ ਨੂੰ ਕਿਸੇ ਵੀ ਨਾਗਰਿਕ ਨੂੰ ਕੋਈ ਖ਼ਿਤਾਬ ਨਹੀਂ ਦੇਣਾ ਚਾਹੀਦਾ। ਭਾਰਤ ਦੇ ਨਾਗਰਿਕਾਂ ਨੂੰ ਕਿਸੇ ਨਾਗਰਿਕ ਨੂੰ ਕੋਈ ਖਿਤਾਬ ਨਹੀਂ ਦੇਣਾ ਚਾਹੀਦਾ ਹੈ। ਭਾਰਤ ਦੇ ਨਾਗਰਿਕਾਂ ਨੂੰ ਰਾਸ਼ਟਰਪਤੀ ਦੀ ਆਗਿਆ ਹਾਸਲ ਹੋਣ 'ਤੇ ਹੀ ਵਿਦੇਸ਼ੀ ਸਰਕਾਰਾਂ ਤੋਂ ਕੋਈ ਖ਼ਿਤਾਬ ਸਵੀਕਾਰ ਕਰਨਾ ਚਾਹੀਦਾ ਹੈ। (ਪੰਨਾ 110)

(ਇਸਦਾ ਕੋਈ ਵੇਰਵਾ ਨਹੀਂ ਦਿੱਤਾ ਗਿਆ ਹੈ ਕਿ ਖ਼ਿਤਾਬਾਂ 'ਤੇ ਰੋਕ ਕਿਉਂ ਹੈ। ਫਿਰ ਵੀ ਇਹ ਬਹੁਤ ਚੰਗੀ ਗੱਲ ਹੈ। ਪਰ ਪਦਮਸ਼੍ਰੀ, ਪਦਮ ਭੂਸ਼ਣ, ਭਾਰਤ ਰਤਨ ਆਦਿ ਜਿਹੇ ਖ਼ਿਤਾਬ ਕਿਉਂ ਹਨ ? ਕੀ ਸੰਵਿਧਾਨ ਵੱਖ ਰਾਹ 'ਤੇ ਚੱਲੇਗਾ ਅਤੇ ਖ਼ਿਤਾਬ ਵੱਖ ਰਾਹ 'ਤੇ



www.punjabibookspdf.com

ਚੱਲਣਗੇ।)

3. ਸਾਰੇ ਨਾਗਰਿਕਾਂ ਨੂੰ ਭਾਸ਼ਣ ਅਤੇ ਪ੍ਰਗਟਾਵੇ ਦਾ ਹੱਕ ਹੋਵੇਗਾ। ਉਹਨਾਂ ਨੂੰ ਸ਼ਾਂਤੀਪੂਰਵਕ ਇੱਕ ਜਗ੍ਹਾ ਇੱਕਠੇ ਹੋਣ ਦਾ ਹੱਕ ਹੋਵੇਗਾ, ਮੁਲਕ 'ਚ ਕਿਤੇ ਵੀ ਰਹਿਣ ਦਾ ਹੱਕ ਹੋਵੇਗਾ, ਕਿਸੇ ਵੀ ਧਰਮ ਦੀ ਪਾਲਣਾ ਕਰਨ ਅਤੇ ਕਿਸੇ ਧਾਰਮਿਕ ਸੰਸਥਾ ਨੂੰ ਜੱਥੇਬੰਦ ਕਰਨ ਦਾ ਹੱਕ ਹੋਵੇਗਾ।

4. ਜਿਸ ਪੱਛੜੀ ਜਮਾਤ ਨੂੰ ਰਾਜਕੀ ਸੇਵਾਵਾਂ 'ਚ ਕਾਫ਼ੀ ਨੁਮਾਇੰਦਗੀ ਨਾ ਮਿਲ਼ੀ ਹੋਵੇ ਉਸ ਲਈ ਰਿਜ਼ਰਵੇਸ਼ਨ ਦਾ ਪ੍ਰਬੰਧ ਕੀਤਾ ਜਾਣਾ ਚਾਹੀਦਾ ਹੈ।(ਇਹ ਧਾਰਾ 10 ਦਾ ਕੈਟਾਗਰੀ ਨੰਬਰ 3 ਹੈ, ਪੰਨਾ 110 'ਤੇ। ਇਸਦਾ ਕੋਈ ਵੇਰਵਾ ਨਹੀਂ ਦਿੱਤਾ ਗਿਆ ਹੈ ਕਿ ਇਹ ਰਿਜ਼ਰਵੇਸ਼ਨ ਕਿੰਨੇ ਵਰ੍ਹੇ ਤੱਕ ਜਾਰੀ ਰਹਿਣਾ ਚਾਹੀਦਾ ਹੈ)। ਭਾਵੇਂ, ਭਾਗ 16 ਦੀ ਧਾਰਾ 305 'ਚ ਪੰਨਾ 254 'ਤੇ, ਵਿਧਾਨ ਸਭਾ 'ਚ ਮੁਸਲਮਾਨਾਂ, ਅਨੁਸੂਚਿਤ ਜਾਤਾਂ, ਅਨੁਸੂਚਿਤ ਕਬੀਲੇ ਜਾਂ ਭਾਰਤ ਦੇ ਈਸਾਈਆਂ ਲਈ ਸੀਟਾਂ ਦੇ ਰਿਜ਼ਰਵੇਸ਼ਨ ਨਾਲ਼ ਸੰਬਧਿਤ ਪ੍ਰਬੰਧਾਂ ਦਾ ਵਰਨਣ ਪਹਿਲੀ ਵਾਰੀ ਸੰਵਿਧਾਨ ਦੀ ਪਹਿਲੀ ਅਨੁਸੂਚੀ ਦੇ ਭਾਗ 1 'ਚ ਵਿਸ਼ੇਸ਼ ਰੂਪ ਨਾਲ਼ ਕੀਤਾ ਜਾ ਰਿਹਾ ਹੈ ਜਿਹੜਾ ਇਸ ਸੰਵਿਧਾਨ ਦੇ ਲਾਗੂ ਹੋਣ ਦੇ ਦਸ ਵਰ੍ਹਿਆਂ ਅੰਦਰ ਸੋਧਿਆ ਨਹੀਂ ਜਾ ਸਕਦਾ ਅਤੇ ਇਸ ਅਰਸੇ ਦੇ ਅੰਤ 'ਤੇ ਇਹ ਉਦੋਂ ਤੱਕ ਅਸਰਹੀਣ ਮੰਨਿਆ ਜਾਵੇਗਾ ਜਦੋਂ ਤੱਕ ਕਿ ਸੰਵਿਧਾਨ ਦੀ ਸੋਧ ਰਾਹੀਂ ਇਸਨੂੰ ਜਾਰੀ ਨਾ ਰਹਿਣ ਦਿੱਤਾ ਜਾਵੇ" (ਪੰਨਾ 254)। ਇਸ ਤੋਂ ਇਲਾਵਾ ਸੰਵਿਧਾਨ 'ਚ ਰਿਜ਼ਰਵੇਸ਼ਨਾਂ ਨਾਲ਼ ਜੁੜਿਆ ਕੋਈ ਹੋਰ ਵੇਰਵਾ ਨਹੀਂ ਦਿੱਤਾ ਗਿਆ ਹੈ।

5. ਸੰਪੱਤੀ ਰੱਖਣ, ਖਰੀਦਣ, ਵੇਚਣ ਜਾਂ ਉਹਨਾਂ ਨੂੰ ਰਾਂਖਵੀਆਂ ਕਰਨ ਦੇ ਹੱਕ ਹੋਣਗੇ ਅਤੇ ਕੋਈ ਵੀ ਕਾਰੋਬਾਰ ਕਰਨ ਦਾ ਹੱਕ ਹੋਵੇਗਾ। ਰਾਜ ਨੂੰ ਕਿਸੇ ਵਿਅਕਤੀ ਦੀ ਸੰਪੱਤੀ 'ਤੇ ਕਬਜ਼ਾ ਕਰਨ ਦਾ ਹੱਕ ਨਹੀਂ ਹੋਵੇਗਾ, ਉਹਨਾਂ ਹਾਲਤਾਂ ਨੂੰ ਛੱਡ ਕੇ ਜਦੋਂ ਕਿ ਕਾਨੂੰਨ ਰਾਹੀਂ ਅਜਿਹਾ ਕਰਨਾ ਜ਼ਰੂਰੀ ਹੋਵੇ। ਰਾਜ ਕੋਈ ਵੀ ਚੱਲ-ਅਚੱਲ ਸੰਪੱਤੀ, ਕੰਪਨੀ, ਕਾਰੋਬਾਰੀ ਫਰਮ ਜਾਂ ਕਿਸੇ ਵੀ ਤਰ੍ਹਾਂ ਦੀ ਸੰਪੱਤੀ 'ਤੇ ਕਬਜ਼ਾ ਬਿਨਾਂ ਨੁਕਸਾਨ ਦੀ ਪੂਰਤੀ ਦਾ ਭੁਗਤਾਨ ਕੀਤੇ ਨਹੀਂ ਕਰ ਸਕਦਾ। ਇੱਥੋਂ ਤੱਕ ਕਿ ਧਾਰਮਿਕ ਸੰਸਥਾਵਾਂ ਨੂੰ ਵੀ ਚੱਲ-ਅਚੱਲ ਸੰਪੱਤੀ ਰੱਖਣ ਦਾ ਹੱਕ ਹੋਵੇਗਾ।(ਪੰਨਾ 113-115)

6. ਸੰਸਦ ਨੂੰ ਇਹ ਹੱਕ ਹੋਵੇਗਾ ਕਿ ਉਹ ਫ਼ੌਜ ਦੇ ਸੰਦਰਭ 'ਚ ਇਹਨਾਂ ਹੱਕਾਂ ਨੂੰ ਕਾਨੂੰਨ ਅਨੁਸਾਰ ਸੀਮਤ ਕਰੇ ਜਾਂ ਰੱਦ ਕਰ ਦੇਵੇ।

ਇਸਦੇ ਨਾਲ਼ ਹੀ ਭਾਗ 3 ਖਤਮ ਹੋ ਗਿਆ ਹੈ। ਭਾਵੇਂ, ਸੰਵਿਧਾਨ 'ਚ ਕਈ ਹੋਰ ਭਾਗ ਹਨ, ਪਰ ਭਾਗ 3 ਨਾਲ ਹੀ ਮੁਕੰਮਲ ਸਾਰਤੱਤ ਸਪੱਸ਼ਟ ਹੋ ਜਾਂਦਾ ਹੈ।

ਇਹ ਸੰਵਿਧਾਨ ਸੰਪੱਤੀ ਦੇ ਹੱਕਾਂ ਦੀ ਰੱਖਿਆ ਕਰਦਾ ਹੈ। ਇਹ ਇਸ ਗੱਲ 'ਚ ਕੋਈ ਫ਼ਰਕ ਨਹੀਂ ਕਰਦਾ ਹੈ ਕਿ ਕੋਈ ਸੰਪੱਤੀ ਕਿਸੇ ਦੀ ਵਿਅਕਤੀਗਤ ਕਿਰਤ ਨਾਲ਼ ਜੁਟਾਈ ਗਈ ਹੈ ਜਾਂ ਲੁੱਟ ਕਰਕੇ ਖੜ੍ਹੀ ਕੀਤੀ ਗਈ ਹੈ। ਇਹ ਹਰ ਤਰ੍ਹਾਂ ਦੀ ਸੰਪੱਤੀ ਨੂੰ ਪੁੰਨ ਦਾ ਕੰਮ ਮੰਨਦਾ ਹੈ! ਇਹ ਉਦੋਂ ਹੋਰ ਪਵਿੱਤਰ ਹੋ ਜਾਂਦਾ ਹੈ ਜਦੋਂ ਸੰਪੱਤੀ ਲੁੱਟ ਦੀ ਨੀਂਹ 'ਤੇ



www.punjabibookspdf.com

ਖੜ੍ਹੀ ਕੀਤੀ ਗਈ ਹੁੰਦੀ ਹੈ! ਇਸਦਾ ਉਦੇਸ਼ ਅਜਿਹੀ ਹੀ ਸੰਪੱਤੀ ਦੀ ਰੱਖਿਆ ਕਰਨਾ ਹੈ। ਕੋਈ ਵੀ ਵਿਅਕਤੀ ਚੱਲ-ਅਚੱਲ ਸੰਪੱਤੀ ਰੱਖ ਸਕਦਾ ਹੈ। ਉਹ ਕਿਰਾਇਆ, ਵਿਆਜ ਅਤੇ ਮੁਨਾਫ਼ਾ ਨਿਚੋੜ ਸਕਦਾ ਹੈ। ਇਹ ਸੰਵਿਧਾਨ ਅਜਿਹੇ ਲੋਟੂ ਸੰਪੱਤੀ ਹੱਕਾਂ ਦਾ ਬਚਾਅ ਕਰਦਾ ਹੈ ਅਤੇ ਉਹਨਾਂ ਦਾ ਪੋਸ਼ਣ ਕਰਦਾ ਹੈ ਜਿਹੜੇ ਕਿ ਅਤੀਤ ਕਾਲ ਤੋਂ ਹੀ ਮੌਜੂਦ ਰਹਿੰਦੇ ਆਏ ਹਨ!

ਸੰਪੱਤੀ-ਸਵਾਮੀ ਨੂੰ ਮੁਆਵਜਾ ਦਿੱਤੇ ਬਿਨਾਂ, ਕੋਈ ਵੀ ਉਸਦੀ ਸੰਪੱਤੀ ਨੂੰ ਨਹੀਂ ਖੋਹ ਸਕਦਾ। ਇਸ ਨਿਗਮ ਅਨੁਸਾਰ ਅਸੀਂ ਜਮੀਨ ਜਾਇਦਾਦ, ਬਾਗ-ਬਗੀਚੇ, ਸਨਅਤ, ਪੂੰਜੀ ਅਤੇ ਹਰ ਉਸ ਸੰਪਤੀ ਨੂੰ ਛੂਹ ਵੀ ਨਹੀਂ ਸਕਦੇ ਹਾਂ ਜਿਹੜੀ ਵਿਦੇਸ਼ੀ ਹਾਕਮਾਂ ਨੇ ਇਸ ਮੁਲਕ 'ਚ ਖੜ੍ਹੀ ਕੀਤੀ ਹੈ। ਇਸੇ ਤਰ੍ਹਾਂ ਜਗੀਰੂ ਹਾਕਮਾਂ ਦੀ ਉਸ ਜਾਗੀਰ ਨੂੰ ਵੀ ਨਹੀਂ ਛੂਹ ਸਕਦੇ ਹਾਂ ਜਿਹੜੀ ਹਜ਼ਾਰਾਂ ਏਕੜ ਭੂਮੀ 'ਚ ਫੈਲੀ ਹੋਈ ਹੈ। ਅਜਿਹੇ ਹੀ ਦੇਸੀ ਸਰਮਾਏਦਾਰਾਂ ਦੀ ਭੂਮੀ ਜਾਂ ਸਨਅਤਾਂ ਨੂੰ ਵੀ ਅਸੀਂ ਨਹੀਂ ਛੂਹ ਸਕਦੇ ਹਾਂ। ਜਿਸਦਾ ਮਤਲਬ ਇਹ ਹੁੰਦਾ ਹੈ ਕਿ ਇਹ ਸੰਵਿਧਾਨ ਦੇਸੀ-ਵਿਦੇਸ਼ੀ ਦੋਨਾਂ ਤਰ੍ਹਾਂ ਦੇ ਸਰਮਾਏਦਾਰਾਂ ਅਤੇ ਭੂਮੀ-ਮਾਲਕਾਂ ਨੂੰ ਸੰਤੁਸ਼ਟ ਕਰਦਾ ਹੈ! ਅਜਿਹੀ ਹਾਲਤ 'ਚ 'ਜੀਵਨ ਦੇ ਹਰ ਖੇਤਰ 'ਚ ਹਰ ਵਿਅਕਤੀ ਨੂੰ ਸਮਾਨਤਾ' ਦਾ ਮਤਲਬ ਤਾਂ ਇਹ ਬਣਦਾ ਹੈ ਕਿ ਉਹ ਅਸਲ 'ਚ ਇਹ ਕਹਿਣਾ ਚਾਹੁੰਦੇ ਹਨ ਕਿ 'ਜੇਕਰ ਤੇਰੇ 'ਚ ਦਮ ਹੈ ਤਾਂ ਸੰਪੱਤੀ ਬਣਾ! ਤੈਨੂੰ ਕੌਣ ਰੋਕਦਾ ਹੈ? ਸੰਵਿਧਾਨ ਨੇ ਇਹ ਹੱਕ ਸਭ ਨੂੰ ਦੇ ਰੱਖਿਆ ਹੈ'। ਨਿਚੋੜ ਇਹ ਨਿਕਲਦਾ ਹੈ ਕਿ ਉਹਨਾਂ ਨੇ ਲੁੱਟ ਕਰਨ ਲਈ ਸਭ ਨੂੰ ਬਰਾਬਰ ਹੱਕ ਦੇ ਰੱਖਿਆ ਹੈ! ਇਹ ਬਰਾਬਰੀ ਹੈ!

ਅਜਿਹਾ ਸੰਵਿਧਾਨ ਤਿਆਰ ਕਰਨ ਦੇ ਕੰਮ ਲਈ ਅੰਬੇਡਕਰ ਬੜੀ ਖੁਸ਼ੀ ਨਾਲ਼ ਅੱਗੇ ਵਧੇ ਸਨ ਅਤੇ ਜੇਕਰ ਇੱਕ ਤੇਲਗੂ ਕਹਾਵਤ ਦੀ ਵਰਤੋਂ ਕਰੀਏ ਤਾਂ ਉਹਨਾਂ ਨੇ ਇਸ ਕੰਮ 'ਚ 'ਆਪਣੇ ਦੋਨੋਂ ਹੱਥ ਲਗਾਏ'।

ਇਹ ਵਰਨਣ ਕਰਨ ਮਗਰੋਂ ਕਿ 'ਛੂਆਛਾਤ ਦੀ ਪਾਲਣਾ ਕਾਨੂੰਨੀ ਤੌਰ 'ਤੇ ਸਜ਼ਾ ਯੋਗ ਜ਼ੁਰਮ ਹੈ', 1954 'ਚ ਸਰਕਾਰ ਨੇ ਛੂਆਛਾਤ ਨੂੰ ਵਰਜਿਤ ਕਰਨ ਦਾ ਕਾਨੂੰਨ ਬਣਾਇਆ। ਇਹ ਸੰਵਿਧਾਨ ਨੂੰ ਅੰਤਮ ਰੂਪ ਦਿੱਤੇ ਜਾਣ ਦੇ 5 ਵਰ੍ਹੇ ਮਗਰੋਂ ਹੋਇਆ। ਨੀਵੀਂਆਂ ਜਾਤਾਂ ਦੇ ਲੋਕਾਂ ਨੂੰ ਸੁਰੱਖਿਆ ਪ੍ਰਦਾਨ ਕਰਨ 'ਚ ਇੰਨਾ ਜ਼ਿਆਦਾ ਸਮਾਂ ਲੱਗ ਗਿਆ! ਇਹ ਸਾਬਤ ਕਰਨ ਲਈ ਕਿਸੇ ਦੂਜੀ ਮਿਸਾਲ ਦੀ ਲੋੜ ਨਹੀਂ ਹੈ ਕਿ ਸੰਵਿਧਾਨ 'ਚ ਬਰਾਬਰੀ ਦਾ ਜ਼ਿਕਰ ਕੀਤਾ ਜਾਣਾ ਝੂਠ ਹੈ।

**ਭਾਗ 4 — ਨਿਰਦੇਸ਼ਕ ਸਿਧਾਂਤ**

ਸਰਕਾਰ ਸੰਵਿਧਾਨ 'ਚ ਸ਼ਾਮਿਲ ਸਿਧਾਂਤਾਂ 'ਚ ਸੋਧ ਕਰ ਸਕਦੀ ਹੈ। ਜੇਕਰ ਸੰਭਵ ਨਾ ਹੋਵੇ ਤਾਂ ਇਹਨਾਂ ਸਿਧਾਂਤਾਂ 'ਚ ਸੋਧ ਕਰਨ ਦੀ ਲੋੜ ਨਹੀਂ ਹੈ। ਇਹ ਨਿਯਮ ਨਹੀਂ ਹਨ। ਇਹ ਸਿਰਫ਼ ਰਹਿਨੁਮਾਈ ਲਈ ਹਨ। ਜੇਕਰ ਸਰਕਾਰ ਇਹਨਾਂ 'ਚ ਸੋਧ ਕਰੇਗੀ ਤਾਂ ਸੰਵਿਧਾਨ ਨਿਯਾਮਕਾਂ ਨੂੰ ਖੁਸ਼ੀ ਹੋਵੇਗੀ। ਜੇਕਰ ਸੋਧ ਨਾ ਕਰੇ ਤਾਂ ਉਹ ਹੋਰ ਵੀ ਖੁਸ਼ ਹੋਣਗੇ।

ਇਹ ਉਪਦੇਸ਼ ਹੇਠਾਂ ਲਿਖੇ ਅਨੁਸਾਰ ਹਨ —



www.punjabibookspdf.com

1. "ਸਰਕਾਰ ਲੋਕ ਕਲਿਆਣ ਨੂੰ ਹੱਲ੍ਹਾਸ਼ੇਰੀ ਦੇਣ ਦਾ ਯਤਨ ਕਰੇਗੀ" (ਵਾਹ! ਇਹ ਲੋਕ ਹਨ ਕੌਣ? ਕੀ ਦੇਸੀ ਵਿਦੇਸ਼ੀ ਸਰਮਾਏਦਾਰ ? ਹਾਂ, ਹੁਣ ਇਹ ਸਾਫ਼ ਹੋ ਗਿਆ। ਸਰਕਾਰ ਨੂੰ ਇਹਨਾਂ ਦੇ ਕਲਿਆਣ ਦਾ ਧਿਆਨ ਰੱਖਣਾ ਹੋਵੇਗਾ, ਜਾਂ ਕਿ ਨਹੀਂ?)

2. ਔਰਤ ਅਤੇ ਮਰਦ ਸਭ ਨੂੰ ਰੋਜ਼ੀ ਹਾਸਲ ਕਰਨ ਦਾ ਹੱਕ ਹੋਵੇਗਾ। ਪਦਾਰਥਕ ਸਰੋਤਾਂ 'ਤੇ ਕਬਜ਼ਾ ਜਾਂ ਕੰਟਰੋਲ ਆਮ ਲੋਕਾਂ ਲਈ ਲਾਹੇਵੰਦ ਹੋਣਾ ਚਾਹੀਦਾ ਹੈ। (ਗੈਰ-ਸਰਕਾਰੀ ਵਿਅਕਤੀਆਂ ਦਾ ਪਦਾਰਥਕ ਸਰੋਤਾਂ 'ਤੇ ਸੰਪੱਤੀ-ਹੱਕ ਹੋ ਸਕਦਾ ਹੈ, ਪਰ ਇਹ ਪਦਾਰਥਕ ਸਰੋਤ ਆਮ ਲੋਕਾਂ ਲਈ ਲਾਹੇਵੰਦ ਹੋਣੇ ਚਾਹੀਦੇ ਹਨ! ਖਰੜਾ ਕਮੇਟੀ ਦੇ ਮੈਂਬਰਾਂ ਨੇ ਕਿੰਨੀ ਚਲਾਕੀ ਨਾਲ਼ ਗੱਲ ਕੀਤੀ ਹੈ!)

3. ਔਰਤ ਅਤੇ ਮਰਦ ਸਭ ਨੂੰ ਬਰਾਬਰ ਕੰਮ ਲਈ ਬਰਾਬਰ ਉਜ਼ਰਤ ਮਿਲਣੀ ਚਾਹੀਦੀ ਹੈ। ਕੰਮ ਦੀਆਂ ਸ਼ਰਤਾਂ ਮਨੁੱਖੀ ਜ਼ਿੰਦਗੀ ਲਈ ਉੱਚਿਤ ਹੋਣੀਆਂ ਚਾਹੀਦੀਆਂ ਹਨ। ਇੱਕੋ ਬਰਾਬਰ ਨਾਗਰਿਕ ਅਚਾਰ ਸਹਿੰਤਾ ਹੋਣਾ ਚਾਹੀਦਾ ਹੈ। ਸਰਕਾਰ ਦਾ ਇਹ ਫ਼ਰਜ ਹੋਣਾ ਚਾਹੀਦਾ ਹੈ ਕਿ ਉਹ ਨੌਜਵਾਨਾਂ ਅਤੇ ਬੱਚਿਆਂ ਨੂੰ ਲੁੱਟ ਤੋਂ ਬਚਾਏ।
(ਲੁੱਟ ਦੀ ਕੋਈ ਵਿਆਖਿਆ ਨਹੀਂ! ਫਿਰ ਵੀ ਉਹ ਗੱਲ ਕਰਦੇ ਹਨ ਲੁੱਟ ਤੋਂ ਸੁਰੱਖਿਆ ਦੀ!)

ਸੰਵਿਧਾਨ ਨੇ ਇਸ ਭਾਗ 'ਚ ਅਪਰਿਭਾਸ਼ਤ ਉਪਦੇਸ਼ ਪੇਸ਼ ਕੀਤੇ ਹਨ ਅਤੇ ਸਰਕਾਰ ਨੂੰ ਇਹ ਗੱਲਾਂ ਧਿਆਨ 'ਚ ਰੱਖਣੀਆਂ ਚਾਹੀਦੀਆਂ ਹਨ।

**ਭਾਗ 5 —** ਇਸ ਭਾਗ 'ਚ ਬਾਲਗ ਵੋਟ ਦੇ ਹੱਕ ਦੀ ਗੱਲ ਕੀਤੀ ਗਈ ਹੈ ਅਤੇ ਇਹ ਜਾਣਕਾਰੀ ਇਹ ਦੱਸਦੀ ਹੈ ਕਿ ਉਹਨਾਂ ਨੇ ਵੋਟ ਦੇ ਹੱਕ ਨੂੰ ਸ਼ਾਮਿਲ ਕੀਤਾ ਹੈ। ਇਹ ਉਹਨਾਂ ਨੂੰ ਭਾਗ 3 'ਚ ਰੱਖਣਾ ਚਾਹੀਦਾ ਸੀ ਜਿੱਥੇ ਕਿ ਮੌਲਿਕ ਹੱਕਾਂ ਦਾ ਹਵਾਲਾ ਦਿੱਤਾ ਗਿਆ ਹੈ। ਪਰ ਉੱਥੇ ਸਾਨੂੰ ਇਸ ਹੱਕ ਦਾ (ਬਾਲਗ ਵੋਟ ਦਾ ਹੱਕ) ਕੋਈ ਸੰਦਰਭ ਨਹੀਂ ਮਿਲਦਾ ਹੈ।

**ਭਾਗ 6 —** ਖਾਸ ਤੌਰ 'ਤੇ ਪਰੀਖਣ ਲਈ ਕੁਝ ਵੀ ਨਹੀਂ ਹੈ। ਇਸ ਮਗਰੋਂ ਹਰ ਗੱਲ ਸਿਰਫ਼ ਸ਼ਕਤੀਆਂ ਨਾਲ਼ ਜੁੜੀ ਹੋਈ ਹੈ। ਕੇਂਦਰ 'ਚ ਰਾਸ਼ਟਰਪਤੀ ਅਤੇ ਉਪਰਾਸ਼ਟਰਪਤੀ ਦੀ ਚੋਣ ਕੌਣ ਕਰੇਗਾ? ਉਹਨਾਂ ਦੇ ਫ਼ਰਜ ਅਤੇ ਸਪੀਕਰ ਬਾਰੇ ਵੀ ਇਹ ਗੱਲ ਕੀਤੀ ਗਈ ਹੈ। ਸੰਸਦ 'ਚ ਕਿੰਨੇ ਸਦਨ ਹੋਣਗੇ? ਇਹ ਸਦਨ ਵਰ੍ਹੇ 'ਚ ਕਿੰਨੀ ਵਾਰੀ ਇੱਕੋ ਵੇਲੇ ਇਕੱਠੇ ਹੋਣਗੇ? ਚੋਣਾਂ, ਸਦਨ ਦਾ ਸੰਚਾਲਨ, ਕੋਰਮ, ਸਦਨ ਦੇ ਵਿਸ਼ੇਸ਼ ਹੱਕ, ਮੈਂਬਰਾਂ ਦੀ ਯੋਗਤਾ, ਬਿੱਲ ਪੇਸ਼ ਕਰਨ ਦੀ ਪ੍ਰਕ੍ਰਿਆ, ਸਲਾਨਾ ਬਜਟ, ਲੇਖਾ-ਪਰੀਖਣ, ਹਾਈਕੋਰਟ ਅਤੇ ਇਸਦੇ ਹੱਕ, ਜੱਜਾਂ ਦੇ ਅਹੁੱਦੇ — ਇਸ ਤਰ੍ਹਾਂ ਕੇਂਦਰ ਨਾਲ਼ ਜੁੜੀ ਸੂਚਨਾ ਖਤਮ ਹੋ ਜਾਂਦੀ ਹੈ।

ਇਸ ਤੋਂ ਬਾਅਦ, ਸੂਬਿਆਂ ਨਾਲ਼ ਜੁੜੀ ਸੂਚਨਾ। ਫਿਰ ਕੇਂਦਰ-ਸਟੇਟ ਨਾਲ਼ ਜੁੜੀ, ਉਹਨਾਂ ਦੇ ਅਸਾਸੇ, ਆਮਦਨ, ਕਰਜ਼ਾ, ਕੇਂਦਰ-ਰਾਜ ਸੇਵਾਵਾਂ, ਅਦਾਲਤ...। ਇਸ ਤਰ੍ਹਾਂ ਭਾਗ 17 ਦੀ ਸਮਾਪਤੀ ਤੱਕ ਸੈਂਕੜੇ ਪੰਨਿਆਂ 'ਚ ਅਜਿਹੇ ਹੀ ਵੇਰਵੇ ਦਿੱਤੇ ਹੋਏ ਹਨ। ਇਸ ਨਾਲ਼ ਹੀ ਸੰਵਿਧਾਨ ਮੁਕੰਮਲ ਹੋ ਜਾਂਦਾ ਹੈ।

ਪੂਰੇ ਸੰਵਿਧਾਨ 'ਚ, ਛੂਆਛਾਤ ਦਾ ਖਾਤਮਾ ਅਤੇ ਬਾਲਗ ਵੋਟ ਦਾ ਹੱਕ ਦੋ



www.punjabibookspdf.com

ਵਰਨਣਯੋਗ ਨੁਕਤੇ ਹਨ। ਬਾਕੀ ਬਚੇ ਨੁਕਤਿਆਂ ਦੀ ਗੱਲ ਕਰਨਾ ਕੋਈ ਖਾਸ ਅਹਿਮੀਅਤ ਨਹੀਂ ਰੱਖਦਾ।

ਇਹ ਸੰਵਿਧਾਨ ਦੀ ਕਲਪਨਾ ਤੋਂ ਪਰ੍ਹੇ ਦੀ ਗੱਲ ਹੈ ਕਿ ਉਹ *'ਹਰ ਵਿਅਕਤੀ ਦੁਆਰਾ ਕਿਰਤ ਕਰਨ'* ਦੀ ਗੱਲ ਕਰੇ ।

ਇਹ ਪੂਰੀ ਤਰ੍ਹਾਂ ਸ਼ਾਸ਼ਤਰਸੰਮਤ ('ਸਨਾਤਨ') ਸੰਵਿਧਾਨ ਹੈ। ਜਿਸਦਾ ਅਰਥ ਇਹ ਹੁੰਦਾ ਹੈ ਕਿ ਇਹ ਇੱਕ ਅਜਿਹਾ ਸੰਵਿਧਾਨ ਹੈ ਜਿਹੜਾ ਗੁਲਾਮੀ ਦੇ ਯੁੱਗ 'ਚ ਜਨਮ ਲੈ ਚੁੱਕਿਆ ਸੀ ਅਤੇ ਜਿਸਦੇ ਲੋਟੂ ਹੱਕ ਹਮੇਸ਼ਾ ਬਣੇ ਰਹਿਣਗੇ। ਇਸ ਸੰਵਿਧਾਨ 'ਚ ਇੱਕ-ਇੱਕ ਅੱਖਰ ਓਹੀ ਕਾਨੂੰਨ ਸ਼ਾਮਿਲ ਕੀਤੇ ਗਏ ਹਨ ਜਿਹਨਾਂ ਨੂੰ ਬ੍ਰਿਟਿਸ਼ ਸਾਮਰਾਜਵਾਦੀਆਂ ਨੇ ਇਸ ਦੇਸ਼ 'ਚ ਸੁਚਾਰੂ ਰੂਪ ਨਾਲ਼ ਹਕੂਮਤ ਕਰਨ ਲਈ ਘੜ੍ਹਿਆ ਸੀ ਜਿਸਨੂੰ ਉਹਨਾਂ ਨੇ ਆਪਣੀ ਬਸਤੀ ਬਣਾ ਲਿਆ ਸੀ। ਸਿਰਫ਼ ਇੱਕ ਗੱਲ ਹੈ ਜਿਹੜੀ ਬਦਲੀ ਹੋਈ ਹੈ ਅਤੇ ਉਹ ਹੈ ਸਿਆਸੀ ਲੀਡਰ।

ਇਹ ਤੱਥ ਕਿ ਇੱਕ ਅਜ਼ਾਦ ਮੁਲਕ 'ਚ ਵੀ ਸਾਮਰਾਜਵਾਦੀ ਕਾਨੂੰਨ ਲਾਹੇਵੰਦ ਹਨ, ਇਸ ਗੱਲ ਨੂੰ ਸਾਬਤ ਕਰਦਾ ਹੈ ਕਿ ਸਾਮਰਾਜਵਾਦੀਆਂ ਅਤੇ ਇਸ ਮੁਲਕ ਦੇ ਹਾਕਮਾਂ 'ਚ ਕੋਈ ਫ਼ਰਕ ਨਹੀਂ ਹੈ, ਇਹ ਕਿ ਦੋਹਾਂ ਪੱਖਾਂ ਦੇ ਹਿੱਤ ਇੱਕੋ ਜਿਹੇ ਹਨ ਅਤੇ ਇਹ ਕਿ ਇਹਨਾਂ ਸਾਰਿਆਂ ਦਾ ਮਕਸਦ ਸੰਪੱਤੀ ਹੱਕਾਂ ਦੇ ਨਾਂ 'ਤੇ ਕਿਰਤੀ ਲੋਕਾਂ ਦੀ ਲੁੱਟ ਕਰਨਾ ਹੈ।

ਜੇਕਰ ਉਸ ਸੰਵਿਧਾਨ ਸਭਾ ਨੂੰ ਜਮਾਤੀ ਦ੍ਰਿਸ਼ਟੀਕੋਣ ਤੋਂ ਦੇਖਿਆ ਜਾਵੇ ਜਿਸਨੇ ਕਿ ਇਸ ਸੰਵਿਧਾਨ ਨੂੰ ਗੋਦ ਲਿਆ ਹੈ, ਤਾਂ ਅਸੀਂ ਇਹ ਦੇਖਦੇ ਹਾਂ ਕਿ ਸੰਵਿਧਾਨ ਸਭਾ ਦੇ ਸਾਰੇ ਮੈਂਬਰ ਇੱਕ ਹੀ ਜਮਾਤ ਤੋਂ ਹਨ। ਇਸ 'ਚ ਅਜਿਹੇ ਦੇਸ਼ ਭਗਤ ਸ਼ਾਮਲ ਸਨ ਜਿਹੜੇ ਫ਼ਿਰੰਗੀ ਸਾਮਰਾਜਵਾਦੀਆਂ ਅੱਗੇ ਗੋਡੇ ਟੇਕਦੇ ਸਨ, ਜਿਹੜੇ ਦੇਸੀ ਜਗੀਰੂ ਹਾਕਮ ਸਨ, ਸਿਆਸੀ 'ਸੱਜੇਪੱਖੀ', ਫ਼ਿਰਕੂ, ਧਨਾਢ ਜਮਾਤ ਦੇ ਏਜੰਟ ਅਤੇ ਅਜਿਹੇ ਹੀ ਕੁਝ ਹੋਰ ਸ਼ਾਮਲ ਸਨ। ਇਹਨਾਂ ਸਾਰਿਆਂ ਨੇ ਆਪਣੀ ਆਪਣੀ ਪਸੰਦ ਦਾ ਸੰਵਿਧਾਨ ਪਾਸ ਕੀਤਾ।

ਇਸ ਸੰਵਿਧਾਨ ਨੂੰ ਤਿਆਰ ਕਰਨ ਜਾਂ ਇਸਦੇ ਖਰੜੇ ਦੀ ਸਮੀਖਿਆ ਕਰਨ 'ਚ ਕਿਸੇ ਮੁਹਾਰਤ ਜਾਂ ਸਿਰਜਣਾਤਮਕਤਾ ਦੀ ਲੋੜ ਨਹੀਂ ਸੀ। ਅਦਾਲਤਾਂ ਦੀ ਭਾਸ਼ਾ ਇਸ ਕੰਮ ਲਈ ਕਾਫ਼ੀ ਸੀ! ਅਜਿਹੀ ਸਰਗਰਮੀ 'ਚ ਜ਼ਜ਼ਬਾਤੀ ਪ੍ਰਤਿਭਾ ਦੀ ਵਰਤੋਂ ਕਰਨ ਦੀ ਕੋਈ ਗੁੰਜਾਇਸ਼ ਨਹੀਂ ਹੁੰਦੀ ਹੈ। ਇੱਥੋਂ ਤੱਕ ਕਿ, ਜੇਕਰ ਇਹ ਕੰਮ ਕਿਸੇ ਸਧਾਰਨ ਕਲਰਕ ਨੂੰ ਦੇ ਦੇਈਏ ਤਾਂ ਉਹ ਵੀ ਇਸਨੂੰ ਅਸਾਨੀ ਨਾਲ਼ ਕਰ ਸਕਦਾ ਹੈ। ਅਸਲ 'ਚ ਇਹ ਕਲਰਕ ਹੀ ਤਾਂ ਸਨ ਜਿਨ੍ਹਾਂ ਨੇ ਸਾਰਾ ਕੰਮ ਕਰ ਰੱਖਿਆ ਸੀ ਅਤੇ ਸੰਵਿਧਾਨ ਖਰੜੇ ਨੂੰ ਅੰਤਿਮ ਰੂਪ ਦੇਣ ਮਗਰੋਂ ਵੀ ਕੀਤਾ।

ਜ਼ਿਆਦਾਤਰ ਲੋਕ ਇਹੀ ਸਮਝਦੇ ਹਨ ਕਿ ਅੰਬੇਡਕਰ ਨੇ ਸੰਵਿਧਾਨ ਦਾ ਖਰੜਾ ਤਿਆਰ ਕਰਨ ਦਾ ਕੰਮ ਇਕੱਲਿਆਂ ਹੀ ਕੀਤਾ ਸੀ। ਉਹ ਅਜਿਹਾ ਇਸ ਲਈ ਸਮਝਦੇ ਹਨ ਕਿਉਂਕਿ ਉਹਨਾਂ ਨੂੰ ਅਸਲੀਅਤ ਦੀ ਜਾਣਕਾਰੀ ਨਹੀਂ ਹੈ। ਹੈਰਾਨੀਜਨਕ ਗੱਲ ਤਾਂ ਇਹ ਹੈ ਕਿ ਵਸੰਤ ਮੂਨ ਜਿਹੇ ਲੋਕ ਵੀ, ਜਿਹਨਾਂ ਨੇ ਵਰਨਣ ਕੀਤਾ ਹੈ ਕਿ ਅੰਬੇਡਕਰ ਨੇ ਸੰਵਿਧਾਨ



www.punjabibookspdf.com

ਦੀ ਇਸ ਮੂਰਤੀ ਨੂੰ ਬੜੀ ਸਿਰਜਣਾਤਮਕਤਾ ਨਾਲ਼ ਉਕਰਿਆ ਹੈ। 13ਵੇਂ ਭਾਗ ਦੇ ਮੁੱਖ ਪੰਨੇ 'ਤੇ, ਜਿਸ 'ਚ ਕਿ ਸੰਵਿਧਾਨ ਖਰੜੇ ਨਾਲ਼ ਜੁੜੀ ਜਾਣਕਾਰੀ ਮੌਜੂਦ ਹੈ, ਸ਼੍ਰੀਮਾਨ ਮੂਨ ਨੇ ਅੰਬੇਡਕਰ ਨੂੰ 'ਮੁੱਖ ਵਾਸਤੂਕਾਰ' ਦੱਸਿਆ ਹੈ। ਅਸਲ 'ਚ, ਇੱਥੇ ਕੋਈ ਵਸਤੂ ਹੈ ਹੀ ਨਹੀਂ। ਜਿਹੜੀ ਵਸਤੂ ਪਹਿਲਾਂ ਹੀ ਮੌਜੂਦ ਹੋਵੇ, ਉਸਦਾ ਪਰੀਖਣ ਕਰਨਾ ਵਾਸਤੂਕਾਰ ਦੇ ਤੁਲ ਨਹੀਂ ਹੋ ਸਕਦਾ।

## 1) ਇਹ ਸੰਵਿਧਾਨ "ਸਿਆਸੀ ਲੋਕਤੰਤਰ ਦੀ ਵਿਸ਼ਾਲ ਸੰਰਚਨਾ" ਹੈ : ਅੰਬੇਡਕਰ

ਸੰਵਿਧਾਨ ਸਭਾ 'ਚ ਵਿਚਾਰ ਵਟਾਂਦਰੇ ਨੂੰ ਅੰਤਮ ਰੂਪ ਦਿੱਤੇ ਜਾਣ ਅਤੇ ਸੰਵਿਧਾਨ ਦੇ ਖਰੜੇ 'ਚ ਦੋ-ਚਾਰ ਕੁ ਸੋਧਾਂ ਮਗਰੋਂ, ਅੰਬੇਡਕਰ ਨੇ 25-11-1947 ਨੂੰ ਖਰੜਾ ਕਮੇਟੀ ਦੇ ਪ੍ਰਧਾਨ ਦੀ ਹੈਸੀਅਤ ਨਾਲ਼ ਬਹੁਤ ਲੰਮਾ ਭਾਸ਼ਣ ਦਿੱਤਾ। (ਪੰਨਾ 1206-1218, ਹੇਠਾਂ ਜਿਹੜੇ ਤੱਥ ਦਿੱਤੇ ਗਏ ਹਨ ਉਹਨਾਂ 'ਚ ਜ਼ਿਆਦਾਤਰ ਤੀਖਣ ਰੂਪ 'ਚ ਹਨ)।

ਸ਼ੁਰੂਆਤ 'ਚ, ਅੰਬੇਡਕਰ ਨੇ ਖੁਸ਼ੀ ਪ੍ਰਗਟ ਕੀਤੀ ਕਿਉਂਕਿ ਸੰਵਿਧਾਨ ਸਭਾ ਦੇ ਇੱਕ ਮੈਂਬਰ ਨੂੰ ਛੱਡ ਕੇ ਬਾਕੀ ਸਾਰੇ ਮੈਂਬਰਾਂ ਨੇ ਧੰਨਵਾਦ ਪ੍ਰਗਟ ਕਰਦੇ ਹੋਏ ਖਰੜਾ ਕਮੇਟੀ ਦੀ ਉਸ ਕਿਰਤ ਦੀ ਸਰਾਹਨਾ ਕੀਤੀ ਸੀ।

ਉਹਨਾਂ ਨੇ ਇਹ ਦਾਅਵਾ ਕੀਤਾ ਸੀ ਕਿ ਮੈਂ ਕਿਸੇ ਹੋਰ ਉਮੀਦ ਨਾਲ਼ ਨਹੀਂ ਸਗੋਂ ਅਨੁਸੂਚਿਤ ਜਾਤਾਂ ਦੇ ਹਿੱਤਾਂ ਦੀ ਰੱਖਿਆ ਲਈ ਸੰਵਿਧਾਨ ਸਭਾ 'ਚ ਸ਼ਾਮਲ ਹੋਇਆ ਹਾਂ। (ਕੀ ਕਿਸੇ ਅਜਿਹੇ ਸੰਵਿਧਾਨ ਦੀ ਸਰਗਰਮੀ ਨਾਲ਼ ਅਨੁਸੂਚਿਤ ਜਾਤਾਂ ਦੇ ਹਿੱਤਾਂ ਦੀ ਸੁੱਰਖਿਆ ਕੀਤੀ ਜਾ ਸਕਦੀ ਹੈ ਜਿਹੜਾ ਅਨੁਸੂਚਿਤ ਜਾਤਾਂ ਦੀ ਲੁੱਟ ਕਰਦਾ ਹੋਵੇ ? ਹੋਰ ਤਾਂ ਹੋਰ, ਇਹ ਸੁਰੱਖਿਆ ਅਨੁਸੂਚਿਤ ਜਾਤਾਂ ਦੇ ਸਾਰੇ ਨਾਅਰਿਆਂ ਨੂੰ ਇੱਕ ਪਾਸੇ ਰੱਖਦੇ ਹੋਏ ਕੀਤੀ ਜਾ ਰਹੀ ਹੈ! ਜੇਕਰ ਅੰਬੇਡਕਰ ਨੇ ਨੀਵੀਂਆਂ ਜਾਤਾਂ ਦੇ ਹਿੱਤਾਂ ਦੀ ਰੱਖਿਆ ਲਈ ਹੀ ਇਸ ਸਭਾ 'ਚ ਦਾਖਿਲ ਹੋਣਾ ਸੀ, ਤਾਂ ਉਹਨਾਂ ਨੂੰ ਆਪਣੇ ਨਾਅਰੇ ਦਰਕਿਨਾਰ ਕਰਨ ਦੀ ਕੀ ਲੋੜ ਸੀ ?)

ਫਿਰ ਉਹਨਾਂ ਨੇ ਸੰਵਿਧਾਨ ਸਭਾ ਪ੍ਰਤੀ ਵਾਰੀ-ਵਾਰੀ ਧੰਨਵਾਦ ਪ੍ਰਗਟ ਕੀਤਾ —

> *"ਇਸ ਸਭਾ ਦੇ ਮੈਂਬਰਾਂ ਰਾਹੀਂ ਅਤੇ ਖਰੜਾ ਕਮੇਟੀ ਦੇ ਮੇਰੇ ਸਹਿਯੋਗੀਆਂ ਰਾਹੀਂ ਵੀ, ਮੇਰੀ ਜਿਹੜੀ ਤਾਰੀਫ਼ ਕੀਤੀ ਗਈ ਉਸਨੇ ਮੈਨੂੰ ਇੰਨਾ ਖੁਸ਼ ਕਰ ਦਿੱਤਾ ਹੈ ਕਿ ਉਹਨਾਂ ਪ੍ਰਤੀ ਮੁਕੰਮਲ ਰੂਪ ਨਾਲ਼ ਧੰਨਵਾਦ ਪ੍ਰਗਟ ਕਰਨ ਲਈ ਮੈਨੂੰ ਲੋੜੀਂਦੇ ਸ਼ਬਦ ਨਹੀਂ ਮਿਲ਼ ਰਹੇ ਹਨ। ਸੰਵਿਧਾਨ ਸਭਾ 'ਚ ਆਉਣ ਦੀ ਮੇਰੀ ਕੋਈ ਬਹੁਤੀ ਮਹੱਤਵਅਕਾਂਖਿਆ ਨਹੀਂ ਸੀ ਸਗੋਂ ਇਹ ਮਕਸਦ ਸੀ ਕਿ ਅਨੁਸੂਚਿਤ ਜਾਤਾਂ ਦੇ ਹਿੱਤਾਂ ਦੀ ਰੱਖਿਆ ਕਰਨੀ ਹੈ। ਮੈਂ ਦੂਰ-ਦੂਰ ਤੱਕ ਇਹ ਕਲਪਨਾ ਨਹੀਂ ਕੀਤੀ ਸੀ ਕਿ ਇਹਨਾਂ ਜਿੰਮੇਵਾਰੀ ਵਾਲ਼ੇ ਕੰਮਾਂ ਦਾ ਸੰਪਾਦਨ ਕਰਨ ਲਈ ਮੈਨੂੰ ਖਰੜਾ ਕਮੇਟੀ ਲਈ ਬੁਲਾਇਆ ਜਾਵੇਗਾ। ਮੈਨੂੰ ਇਸ ਲਈ ਬਹੁਤ ਹੈਰਾਨੀ ਹੋਈ ਸੀ ਜਦੋਂ ਸਭਾ ਨੇ ਮੈਨੂੰ ਖਰੜਾ ਕਮੇਟੀ ਲਈ ਚੁਣਿਆ।*



www.punjabibookspdf.com

*ਉਦੋਂ ਤਾਂ ਮੇਰੀ ਹੈਰਾਨੀ ਦਾ ਕੋਈ ਠਿਕਾਣਾ ਹੀ ਨਹੀਂ ਰਿਹਾ ਜਦੋਂ ਖਰੜਾ ਕਮੇਟੀ ਨੇ ਮੈਨੂੰ ਪ੍ਰਧਾਨ ਚੁਣ ਲਿਆ। ਖਰੜਾ ਕਮੇਟੀ ਵਿੱਚ ਮੇਰੇ ਤੋਂ ਵੀ ਬਿਹਤਰ ਅਤੇ ਸਮਰੱਥ ਲੋਕ ਸਨ ਜਿਵੇਂ ਕਿ ਮੇਰੇ ਮਿੱਤਰ ਸਰ ਅੱਲਾਦੀ ਕ੍ਰਿਸ਼ਣਾਸਵਾਮੀ ਅਈਅਰ। ਮੈਂ ਸੰਵਿਧਾਨ ਸਭਾ ਅਤੇ ਖਰੜਾ ਕਮੇਟੀ ਪ੍ਰਤੀ ਧੰਨਵਾਦੀ ਹਾਂ ਕਿ ਮੇਰੇ ਵਿੱਚ ਇੰਨਾ ਵਿਸ਼ਵਾਸ ਅਤੇ ਭਰੋਸਾ ਦਿਖਾਇਆ ਗਿਆ ਅਤੇ ਇਸਦੇ ਸਾਧਨ ਦੇ ਰੂਪ 'ਚ ਮੈਨੂੰ ਚੁਣਿਆ ਗਿਆ ਅਤੇ ਦੇਸ਼ ਦੀ ਸੇਵਾ ਕਰਨ ਦਾ ਇਹ ਮੌਕਾ ਪ੍ਰਦਾਨ ਕੀਤਾ ਗਿਆ"* (ਖੁਸ਼ੀ ਦੀ ਅਵਾਜ਼) (ਪੰਨਾ-1208)।

(ਜੇਕਰ ਉਹ ਖਰੜਾ ਕਮੇਟੀ ਦੇ ਪ੍ਰਧਾਨ ਦੇ ਅਹੁੱਦੇ 'ਤੇ ਨਾ ਰਹਿੰਦੇ, ਤਾਂ ਕੀ ਦੇਸ਼ ਦੀ ਸੇਵਾ ਕਰਨਾ ਸੰਭਵ ਨਹੀਂ ਹੋ ਸਕਣਾ ਸੀ ? ਠੀਕ ਹੈ ! ਪਰ ਇਸਦਾ ਮਤਲਬ ਇਹ ਹੁੰਦਾ ਹੈ ਕਿ ਕਮੇਟੀ ਦੇ ਬਾਕੀ 6 ਮੈਂਬਰਾਂ ਨੇ ਜੋ ਕੁਝ ਕੀਤਾ ਉਹ ਮੁਲਕ ਦੀ ਸੇਵਾ ਨਹੀਂ ਹੈ ! ਉਹਨਾਂ ਨੇ ਕਿਤੇ ਵੀ ਇਹ ਨਹੀਂ ਦੱਸਿਆ ਕਿ 'ਮੁਲਕ ਦੀ ਸੇਵਾ ਕਰਨ' ਦਾ ਅਰਥ ਕੀ ਹੁੰਦਾ ਹੈ। ਕੀ 'ਮੁਲਕ ਦੀ ਸੇਵਾ ਕਰਨ' ਦਾ ਅਰਥ ਅਜਿਹੇ ਸੰਵਿਧਾਨ ਦੀ ਉਸਾਰੀ ਕਰਨਾ ਹੈ ਜਿਹੜਾ ਜਮਾਤ ਵਿਸ਼ੇਸ਼ ਦੀ ਸੇਵਾ ਕਰਦਾ ਹੋਵੇ ? ਹੁਣ ਗੱਲ ਸਮਝ 'ਚ ਆਈ ! ਇਸਦਾ ਮਤਲਬ ਹੁੰਦਾ ਹੈ ਕਿ ਲੋਟੂ ਜਮਾਤ ਦੀ ਸੇਵਾ ਕਰਨ 'ਤੇ ਹੀ ਅੰਬੇਡਕਰ ਖੁਸ਼ੀ ਨਾਲ਼ ਖੀਵੇ ਹੋ ਗਏ !)

ਮਗਰੋਂ, ਅੰਬੇਡਕਰ ਨੇ ਸੰਵਿਧਾਨ ਸਭਾ ਦੇ ਇਸ ਦਫ਼ਤਰ ਪ੍ਰਤੀ ਧੰਨਵਾਦ ਪ੍ਰਗਟ ਕੀਤਾ ਜਿਸਨੇ ਕਿ ਸ਼ੁਰੂਆਤ 'ਚ ਖਰੜਾ ਤਿਆਰ ਕੀਤਾ ਸੀ।

*"ਮੈਨੂੰ ਜਿਹੜਾ ਸਿਹਰਾ ਦਿੱਤਾ ਗਿਆ ਹੈ ਉਸਦਾ ਮੈਂ ਅਸਲ 'ਚ ਹੱਕਦਾਰ ਨਹੀਂ ਹਾਂ। ਇਸਦੇ ਅੰਸ਼ਕ ਹੱਕਦਾਰ ਹਨ ਸਰ.ਬੀ.ਐੱਨ. ਰਾਜੂ ਸੰਵਿਧਾਨ ਸਭਾ ਦੇ ਸੰਵਿਧਾਨਕ ਸਲਾਹਕਾਰ ਜਿਹਨਾਂ ਨੇ ਖਰੜਾ ਕਮੇਟੀ ਦੇ ਸੋਚ-ਵਿਚਾਰ ਲਈ ਸ਼ੁਰੂਆਤੀ ਖਰੜਾ ਤਿਆਰ ਕੀਤਾ ਸੀ ਅਤੇ ਜਿਵੇਂ ਕਿ ਮੈਂ ਕਿਹਾ, 141 ਦਿਨਾਂ ਤੱਕ ਰੁੱਝੇ ਰਹੇ ਅਤੇ ਜਿਹਨਾਂ ਦੀ ਨਵੇਂ-ਨਵੇਂ ਸੂਤਰਾਂ ਦੀ ਕਾਢ ਕਰਨ ਅਤੇ ਵੱਖ-ਵੱਖ ਨਜ਼ਰੀਏ ਨੂੰ ਬਰਦਾਸ਼ਤ ਅਤੇ ਸਮਾਯੋਜਿਤ ਕਰਨ ਦੀ ਪ੍ਰਵੀਨਤਾ ਤੋਂ ਬਿਨਾਂ ਸੰਵਿਧਾਨ ਬਣਾਉਣ ਦਾ ਕੰਮ ਸਫਲ ਨਤੀਜੇ ਤੱਕ ਨਹੀਂ ਪਹੁੰਚ ਸਕਦਾ ਸੀ। ਸਿਹਰੇ ਦਾ ਹੋਰ ਵੱਧ ਹਿੱਸਾ ਸੰਵਿਧਾਨ ਦੇ ਮੁੱਖ ਖਰੜਾਕਾਰ ਸ਼੍ਰੀ ਐਸ. ਐੱਨ. ਮੁਖਰਜੀ ਨੂੰ ਜਾਂਦਾ ਹੈ। ਮੁਸ਼ਕਿਲ ਮਤਿਆਂ ਨੂੰ ਸਹਿਜ ਅਤੇ ਸਰਲ ਕਾਨੂੰਨੀ ਰੂਪ 'ਚ ਰੱਖਣ ਦੀ ਇਹਨਾਂ ਦੀ ਯੋਗਤਾ ਅਤੇ ਮੁਸ਼ਕਲ ਕਾਰਜ ਕਰਨ ਦੀ ਇਹਨਾਂ ਦੀ ਸਮਰੱਥਾ ਦੀ ਬਰਾਬਰੀ ਵਿਰਲੇ-ਟਾਂਵੇ ਹੀ ਕੀਤੀ ਜਾ ਸਕਦੀ ਹੈ। ਇਹ (ਸੰਵਿਧਾਨ) ਸਭਾ ਦੀਆਂ ਪ੍ਰਾਪਤੀਆਂ ਹਨ। ਇਹਨਾਂ ਦੀ ਮਦਦ ਤੋਂ ਬਿਨਾਂ ਇਸ ਸਭਾ ਨੂੰ ਸੰਵਿਧਾਨ ਨੂੰ ਅੰਤਿਮ ਰੂਪ ਦੇਣ 'ਚ ਕਈ ਹੋਰ ਵਰ੍ਹੇ ਲੱਗ ਜਾਂਦੇ। ਮੈਂ ਸ਼੍ਰੀ ਮੁਖਰਜੀ ਅਧੀਨ ਸਰਗਰਮ ਕਰਮਚਾਰੀਆਂ ਦਾ ਵਰਨਣ ਨਾ ਕਰਨ ਦੀ ਭੁੱਲ ਨਹੀਂ ਕਰ ਸਕਦਾ ਹਾਂ ਕਿਉਂਕਿ ਮੈਂ ਇਹ ਜਾਣਦਾ ਹਾਂ ਕਿ ਉਹਨਾਂ ਨੇ ਕਿੰਨੀ ਸਖਤ ਮਿਹਨਤ ਕੀਤੀ ਹੈ ਅਤੇ ਕਿੰਨੇ ਦਿਨਾਂ ਤੱਕ ਖੂਨ-*



www.punjabibookspdf.com

*ਪਸੀਨਾ ਇੱਕ ਕਰਦੇ ਰਹੇ। ਮੈਂ ਉਹਨਾਂ ਸਾਰਿਆਂ ਨੂੰ ਉਹਨਾਂ ਦੇ ਯਤਨਾਂ ਅਤੇ ਸਹਿਯੋਗ ਲਈ ਧੰਨਵਾਦ ਦੇਣਾ ਚਾਹੁੰਦਾ ਹਾਂ।"(ਖੁਸ਼ੀ ਦੀ ਅਵਾਜ਼)*

(ਜੇਕਰ 'ਸਿਹਰੇ' ਦੇ ਇੰਨੇ ਸਾਰੇ ਹਿੱਸੇ ਇੰਨੇ ਲੋਕਾਂ ਨੂੰ ਮਿਲ਼ ਗਏ, ਤਾਂ ਪ੍ਰਧਾਨ ਲਈ ਕੀ ਬਚਿਆ ? ਹੈਰਾਨੀ ਦੀ ਗੱਲ ਹੈ। ਇੰਝ ਜਾਪਦਾ ਹੈ ਕਿ ਉਸ ਮਗਰੋਂ ਵੀ ਕਾਫੀ ਕੁਝ ਬੱਚ ਗਿਆ !)

ਇਸ ਮਗਰੋਂ, ਕਾਂਗਰਸ ਪਾਰਟੀ ਦੀ ਪ੍ਰਸ਼ੰਸਾ ਦੀ ਸ਼ੁਰੂਆਤ ਹੋਈ।

*"ਜੇਕਰ ਇਹ ਸੰਵਿਧਾਨ ਸਭਾ ਰੰਗ-ਬਿਰੰਗੇ ਲੋਕਾਂ ਦੀ ਭੀੜ ਰਹੀ ਹੁੰਦੀ, ਜੇਕਰ ਸੀਮੇਂਟ ਵਿਹੂਣੇ ਮੋਜ਼ੈਕ ਦੇ ਉਸ ਫ਼ਰਸ਼ ਜਿਹਾ ਹੁੰਦਾ ਕਿ ਕੋਈ ਕਾਲ਼ਾ ਪੱਥਰ ਇੱਥੇ ਤਾਂ ਕੋਈ ਸਫੇਦ ਪੱਥਰ ਉੱਥੇ ਹੈ, ਜਿਸ ਨਾਲ਼ ਹਰ ਮੈਂਬਰ ਜਾਂ ਸਮੂਹ ਆਪਣਾ ਹੀ ਕਾਨੂੰਨ ਬਣਾਉਂਦਾ, ਤਾਂ ਖਰੜਾ ਕਮੇਟੀ ਦਾ ਕੰਮ ਬਹੁਤ ਮੁਸ਼ਕਲ ਹੋ ਗਿਆ ਹੁੰਦਾ। ਬੇ-ਤਰਤੀਬੀ ਤੋਂ ਇਲਾਵਾ ਕੁਝ ਨਹੀਂ ਹੁੰਦਾ। ਕਾਂਗਰਸ ਪਾਰਟੀ ਨੇ ਸਭਾ ਦਰਮਿਆਨ ਕਾਰਵਾਈਆਂ ਦੌਰਾਨ ਤਰਤੀਬ ਅਤੇ ਅਨੁਸ਼ਾਸ਼ਨ ਦੀ ਭਾਵਨਾ ਨੂੰ ਕਾਇਮ ਰੱਖਿਆ। ਜਿਸ ਨਾਲ ਬੇਤਰਤੀਬੀ ਦੀ ਸੰਭਾਵਨਾ ਜ਼ੀਰੋ ਹੋ ਗਈ। ਕਾਂਗਰਸ ਪਾਰਟੀ ਦੇ ਅਨੁਸ਼ਾਸਨ ਕਰਕੇ ਹੀ ਖਰੜਾ ਕਮੇਟੀ ਇਸ ਸਹੀ ਜਾਣਕਾਰੀ ਨਾਲ਼ ਸਭਾ 'ਚ ਸੰਵਿਧਾਨ (-ਬਣਾਉਣ) ਦੀ ਰਹਿਨੁਮਾਈ ਕਰ ਸਕੀ ਕਿ ਹਰ ਧਾਰਾ ਅਤੇ ਹਰ ਸੋਧ ਦਾ ਕੀ ਸਿੱਟਾ ਹੋਵੇਗਾ। ਇਸ ਲਈ, ਸੰਵਿਧਾਨ ਸਭਾ ਦੇ ਬੇ-ਰੋਕ ਸੰਚਾਲਨ ਲਈ ਸਾਰਾ ਸਿਹਰਾ ਕਾਂਗਰਸ ਪਾਰਟੀ ਨੂੰ ਜਾਂਦਾ ਹੈ"*(ਪੰਨਾ 1209)।

(ਇਸ ਤੋਂ ਪਹਿਲਾਂ ਸਾਰੇ ਜਣਿਆਂ ਨੂੰ ਜਿਹੜਾ ਸਿਹਰਾ ਦਿੱਤਾ ਗਿਆ ਸੀ ਉਹ ਛੂਹ-ਮੰਤਰ ਹੋ ਗਿਆ ਕਿਉਂਕਿ ਹੁਣ ਸਾਰਾ ਸਿਹਰਾ ਕਾਂਗਰਸ ਪਾਰਟੀ ਨਾਲ਼ ਚਲਾ ਗਿਆ !)

ਹੁਣ ਤੱਕ ਅਸੀਂ ਇਹ ਦੇਖਿਆ ਕਿ ਅੰਬੇਡਕਰ ਨੇ ਕਾਂਗਰਸ ਪਾਰਟੀ ਅੰਦਰ ਮੌਜੂਦ ਅਨੁਸ਼ਾਸਨ ਦੀ ਤਾਰੀਫ਼ ਕੀਤੀ, ਜਾਂ ਕਿ ਨਹੀਂ ? ਹੁਣ ਇਸਦੇ ਦੂਜੇ ਪੱਖ ਨੂੰ ਦੇਖਿਆ ਜਾਵੇ ! ਹੁਣ ਉਹ ਕਾਂਗਰਸ ਪਾਰਟੀ ਅੰਦਰ ਅਨੁਸ਼ਾਸਨ ਦੀ ਗੈਰ-ਮੌਜੂਦਗੀ ਦੀ ਤਾਰੀਫ਼ ਕਰ ਰਹੇ ਹਨ !

*"ਇਸ ਸੰਵਿਧਾਨ ਸਭਾ ਦੀਆਂ ਕਾਰਵਾਈਆਂ ਬੇਹੱਦ ਹੌਲ਼ੀ ਹੋ ਗਈਆਂ ਹੁੰਦੀਆਂ ਜੇਕਰ (ਕਾਂਗਰਸ ਪਾਰਟੀ ਦੇ) ਸਾਰੇ ਮੈਂਬਰ ਪਾਰਟੀ ਅਨੁਸ਼ਾਸਨ ਦੇ ਨਿਯਮ ਨਾਲ਼ ਚਲੇ ਹੁੰਦੇ। ਪਾਰਟੀ ਅਨੁਸ਼ਾਸਨ ਦੀ ਦ੍ਰਿੜ੍ਹਤਾ ਇਸ ਸਭਾ ਨੂੰ ਚਾਪਲੂਸਾਂ ਦੀ ਭੀੜ 'ਚ ਤਬਦੀਲ ਕਰ ਦਿੰਦੀ। ਖੁਸ਼ਕਿਸਮਤੀ ਨਾਲ਼ ਵਿਦ੍ਰੋਹੀ ਮੌਜੂਦ ਸਨ। ਇਹ ਸਨ ਸ਼੍ਰੀ ਕਾਮਥ, ਡਾ. ਪੀ. ਐੱਸ. ਦੇਸ਼ਮੁਖ, ਸ਼੍ਰੀ ਸਿੱਧਵਾ, ਪ੍ਰੋਫੈਸਰ ਸਕਸੇਨਾ ਅਤੇ ਪੰਡਤ ਠਾਕੁਰ ਦਾਸ ਭਾਰਗਵ। ਇਹਨਾਂ ਨਾਲ਼ ਹੀ ਮੈਂ ਪ੍ਰੋਫੈਸਰ ਕੇ. ਟੀ. ਸ਼ਾਹ ਅਤੇ ਪੰਡਤ ਹਿਰਦੇ ਨਾਥ ਕੁੰਜਾਰੂ ਦਾ ਵੀ ਵਰਨਣ ਕਰਨਾ ਚਾਹਾਂਗਾ। "*(ਪੰਨਾ 1209)।



www.punjabibookspdf.com

(ਇਸਦਾ ਅਰਥ ਇਹ ਹੁੰਦਾ ਹੈ ਕਿ ਕਾਂਗਰਸ ਪਾਰਟੀ ਦੇ ਵਿਦਰੋਹੀ ਉਸ ਅੰਬੇਦਕਰ ਤੋਂ ਲੱਖ ਦਰਜਾ ਚੰਗੇ ਹਨ ਜਿਹੜਾ ਕਿ ਵਿਦਰੋਹੀ ਨਹੀਂ ਸੀ! ਉਹਨਾਂ ਨੇ ਘੱਟੋ-ਘੱਟ ਕੁਝ ਅਲੋਚਨਾ ਤਾਂ ਕੀਤੀ ਸੀ।)

> *"ਉਹਨਾਂ ਨੇ ਜਿਹੜੇ ਨੁਕਤੇ ਉਠਾਏ ਸਨ ਉਹ ਜ਼ਿਆਦਾਤਰ ਸਿਧਾਂਤਕ ਸਨ। ਉਹਨਾਂ ਦੇ ਸੁਝਾਅ ਪ੍ਰਵਾਨ ਕਰਨ ਲਈ ਮੈਂ ਤਿਆਰ ਨਹੀਂ ਸੀ, ਇਸ ਨਾਲ਼ ਸੁਝਾਵਾਂ ਦਾ ਮਹੱਤਵ ਖਤਮ ਨਹੀਂ ਹੋ ਜਾਂਦਾ ਅਤੇ ਨਾ ਹੀ ਉਹਨਾਂ ਦੀ ਉਹ ਸੇਵਾ ਘੱਟ ਹੋ ਜਾਂਦੀ ਹੈ ਜਿਸਨੇ ਸਭਾ ਦੀਆਂ ਕਾਰਵਾਈਆਂ 'ਚ ਜਾਨ ਪਾ ਦਿੱਤੀ। ਮੈਂ ਉਨ੍ਹਾਂ ਦਾ ਧੰਨਵਾਦੀ ਹਾਂ। ਪਰ ਮੈਨੂੰ ਉਹ ਮੌਕਾ ਨਾ ਮਿਲ਼ ਸਕਿਆ ਹੁੰਦਾ ਜਿਹੜਾ ਮੈਨੂੰ ਸੰਵਿਧਾਨ 'ਚ ਵਜੂਦ ਸਮੋਏ ਸਿਧਾਂਤਾਂ ਬਾਰੇ ਉਹਨਾਂ ਨੂੰ ਸਮਝਾਉਣ ਲਈ ਮਿਲ਼ਿਆ।"*(ਪੰਨਾ 1209)

ਇਸ ਮਗਰੋਂ ਤਾਰੀਫ਼ ਦੀ ਬੁਛਾੜ ਰਾਸ਼ਟਰਪਤੀ 'ਤੇ ਪੈਣ ਲੱਗੀ। ਅੰਬੇਡਕਰ ਨੇ ਬੇਹੱਦ ਆਗਿਆਕਾਰੀ ਢੰਗ ਨਾਲ਼ ਐਲਾਨ ਕੀਤਾ ਕਿ ਰਾਸ਼ਟਰਪਤੀ ਨੇ ਸਭਾ ਦੇ ਮੈਂਬਰਾਂ ਪ੍ਰਤੀ ਜਿਹੜਾ ਸ਼ਿਸ਼ਟਾਚਾਰ ਦਿਖਾਇਆ ਅਤੇ ਜਿਹੜਾ ਧਿਆਨ ਦਿੱਤਾ ਉਸ ਲਈ ਮੈਂ ਉਹਨਾਂ ਨੂੰ ਧੰਨਵਾਦ ਦਿੰਦਾ ਹਾਂ ਅਤੇ ਇਸਨੂੰ ਮੈਂ ਕਦੇ ਨਹੀਂ ਭੁੱਲ ਸਕਦਾ।

ਕਾਂਗਰਸ ਪਾਰਟੀ ਨੂੰ ਤਾਰੀਫ਼ਾਂ ਨਾਲ਼ ਤਰ ਕਰ ਦੇਣ ਵਾਲ਼ੇ ਇਸ ਦ੍ਰਿਸ਼ ਦੇ ਖਾਤਮੇ ਮਗਰੋਂ ਉਹਨਾਂ ਕਮਿਊਨਿਸਟਾਂ ਅਤੇ ਸੋਸ਼ਲਿਸਟਾਂ ਦੀ ਅਲੋਚਨਾ ਕਰਨ ਵਾਲ਼ੇ ਦ੍ਰਿਸ਼ ਦਾ ਮੰਚਨ ਸ਼ੁਰੂ ਕਰ ਦਿੱਤਾ। ਇੱਥੇ ਕਮਿਊਨਿਸਟਾਂ ਤੋਂ ਭਾਵ ਮਾਰਕਸਵਾਦੀਆਂ ਤੋਂ ਹੈ। ਪਰ ਸੋਸ਼ਲਿਸਟਾਂ ਬਾਰੇ ਇਹ ਸਾਫ਼ ਨਹੀਂ ਹੈ ਕਿ ਉਹ ਕੌਣ ਹਨ। ਅੰਬੇਡਕਰ ਦੀ ਸ਼ਿਕਾਇਤ ਇਹ ਸੀ ਕਿ ਇਹਨਾਂ ਕਮਿਊਨਿਸਟਾਂ ਅਤੇ ਸੋਸ਼ਲਿਸਟਾਂ ਰਾਹੀਂ ਇਸ ਮਹਾਨ ਸੰਵਿਧਾਨ ਦੀ ਅਲੋਚਨਾ ਲਾਪਰਵਾਹੀ ਨਾਲ਼ ਕੀਤੀ ਜਾ ਰਹੀ ਸੀ ਜਿਹੜਾ ਕਿ ਕਾਂਗਰਸ ਪਾਰਟੀ ਦੇ ਅਦਭੁੱਤ ਅਨੁਸ਼ਾਸਨ ਕਾਰਨ ਸੰਭਵ ਹੋ ਸਕਿਆ। ਉਹਨਾਂ ਨੇ ਉਹਨਾਂ ਦੀ ਅਲੋਚਨਾ ਦੀ ਕਿਸੇ ਇੱਕ ਮਿਸਾਲ ਦਾ ਵੀ ਵਰਨਣ ਨਹੀਂ ਕੀਤਾ ਹੈ। ਬਿਨਾਂ ਕੁਝ ਵਰਨਣ ਕੀਤੇ ਹੀ ਉਹਨਾਂ ਨੇ ਉਹਨਾਂ 'ਤੇ ਇਲਜ਼ਾਮ ਮੜ੍ਹ ਦਿੱਤਾ।

> *"ਸੰਵਿਧਾਨ ਦੀ ਨਿੰਦਾ ਵਧੇਰੇ ਕਰਕੇ ਦੋ ਪਾਸਿਓਂ ਆਉਂਦੀ ਹੈ, ਕਮਿਊਨਿਸਟ ਪਾਰਟੀ ਅਤੇ ਸੋਸ਼ਲਿਸਟ ਪਾਰਟੀ। ਉਹ ਸੰਵਿਧਾਨ ਦੀ ਨਿੰਦਾ ਕਿਉਂ ਕਰਦੇ ਹਨ? ਕੀ ਇਸ ਲਈ ਕਿ ਇਹ ਅਸਲ 'ਚ ਇੱਕ ਘਟੀਆ ਸੰਵਿਧਾਨ ਹੈ? ਮੈਂ 'ਨਹੀਂ' ਕਹਿਣ ਦਾ ਖਤਰਾ ਚੁੱਕਣ ਨੂੰ ਤਿਆਰ ਹਾਂ"*(ਪੰਨਾ 1210)

(ਅੰਬੇਡਕਰ ਨੇ ਇਹ ਚੰਗੀ ਤਰ੍ਹਾਂ ਸਿੱਖ ਲਿਆ ਹੈ ਕਿ ਕਾਂਗਰਸ ਪਾਰਟੀ ਦੀ ਛਤਰ-ਛਾਇਆ 'ਚ ਖਤਰਾ ਕਿਵੇਂ ਉਠਾਇਆ ਜਾ ਸਕਦਾ ਹੈ)।

> *"ਕਮਿਊਨਿਸਟ ਪਾਰਟੀ ਇੱਕ ਅਜਿਹਾ ਸੰਵਿਧਾਨ ਚਾਹੁੰਦੀ ਹੈ ਜਿਹੜਾ ਪ੍ਰੋਲੇਤਾਰੀ ਦੀ ਤਾਨਾਸ਼ਾਹੀ ਦੇ ਸਿਧਾਂਤ 'ਤੇ ਅਧਾਰਿਤ ਹੋਵੇ। ਉਹ ਇਸ ਸਿਧਾਂਤ ਦੀ ਨਿੰਦਾ ਇਸ ਲਈ ਕਰਦੇ ਹਨ ਕਿਉਂਕਿ ਇਹ ਸੰਸਦੀ ਲੋਕਤੰਤਰ*



www.punjabibookspdf.com

*’ਤੇ ਅਧਾਰਿਤ ਹੈ” (ਪੰਨਾ* –1210)।

(ਕੀ ਕਮਿਊਨਿਸਟ ਪਾਰਟੀ ਨੇ ਇਹ ਕਿਹਾ ਸੀ ? ਅੰਬੇਡਕਰ ਮਨਘੜ੍ਹਤ ਟੀਕਾ–ਟਿੱਪਣੀ ਕਰ ਰਹੇ ਹਨ ਅਤੇ ਇਹ ਵਰਨਣ ਨਹੀਂ ਕਰ ਰਹੇ ਕਿ ਉਸ ਪਾਰਟੀ ਨੇ ਕੀ ਅਲੋਚਨਾ ਕੀਤੀ ਸੀ)।

ਅੰਬੇਡਕਰ ਅਨੁਸਾਰ, ਸਮਾਜਵਾਦੀ (ਸੋਸ਼ਲਿਸ਼ਟ) ਇਸ ਸੰਵਿਧਾਨ ਦੀ ਅਲੋਚਨਾ ਇਸ ਲਈ ਕਰ ਰਹੇ ਹਨ ਕਿ ਉਹਨਾਂ ਨੂੰ ਸੰਵਿਧਾਨ ’ਚ ਇਹ ਅਜ਼ਾਦੀ ਹੋਣੀ ਚਾਹੀਦੀ ਹੈ ਕਿ ਬਿਨਾਂ ਕੋਈ ਮੁਆਵਜ਼ਾ ਦਿੱਤੇ ਸਮੁੱਚੀ ਗੈਰ–ਸਰਕਾਰੀ ਸੰਪਤੀ ਦਾ ਕੌਮੀਕਰਨ ਜਾਂ ਸਮਾਜੀਕਰਨ ਕੀਤਾ ਜਾ ਸਕੇ। ਪਰ ਇਸ ਸੰਵਿਧਾਨ ’ਚ ਅਜਿਹੀ ਕੋਈ ਅਜ਼ਾਦੀ ਨਹੀਂ ਹੈ। ਇਸ ਲਈ ਸੋਸ਼ਲਿਸਟ ਇਸ ਸੰਵਿਧਾਨ ਦਾ ਵਿਰੋਧ ਕਰ ਰਹੇ ਹਨ।

ਕੀ ਉਹਨਾਂ ਸੋਸ਼ਲਿਸਟਾਂ ਨੇ — ਉਹ ਭਾਵੇਂ ਜਿਹੜੇ ਵੀ ਰਹੇ ਹੋਣ — ਇਹੀ ਕਾਰਨ ਦਰਸਾਇਆ ਸੀ ? ਅੰਬੇਡਕਰ ਨੇ ਵੀ ਉਹਨਾਂ ਦੇ ਬਿਆਨਾਂ ਦਾ ਹਵਾਲਾ ਨਹੀਂ ਦਿੱਤਾ ਹੈ। ਉਹਨਾਂ ਦਾ ਕਹਿਣਾ ਹੈ ਕਿ ਕਮਿਊਨਿਸਟ ਅਤੇ ਸੋਸ਼ਲਿਸਟ ਇਸ ਸੰਵਿਧਾਨ ਦਾ ਵਿਰੋਧ ਇਸ ਲਈ ਕਰ ਰਹੇ ਹਨ ਕਿ ਜੇਕਰ ਭਵਿੱਖ ’ਚ ਕਦੇ ਉਹ ਸੱਤ੍ਹਾ ’ਚ ਆ ਗਏ ਤਾਂ ਸੰਵਿਧਾਨ ’ਚ ਆਪਣੀ ਪਸੰਦ ਦੀ ਤਬਦੀਲੀ ਨਹੀਂ ਕਰ ਸਕਦੇ ਹਨ ! ਬਈ ਵਾਹ ! ਇਸ ਪ੍ਰਤਿਭਾ ਦੀ ਤਾਰੀਫ਼ ਕਿੰਞ ਕੀਤੀ ਜਾਵੇ ? ਜਾਂ ਜੇਕਰ ਇਕ ਤੇਲਗੂ ਅਖਾਣ ਦੀ ਵਰਤੋਂ ਕਰੀਏ, ਤਾਂ ਅਸੀਂ ਕਿਸ ਮੂੰਹ ਨਾਲ਼ ਇਸ ਪ੍ਰਤੀਭਾ ਦੀ ਤਾਰੀਫ਼ ਕਰੀਏ ?

ਜਿਹੜੇ ਭਵਿੱਖ ’ਚ ਕਦੇ ਸੱਤ੍ਹਾ ’ਚ ਆਉਣਗੇ, ਤਾਂ ਕੀ ਉਹ ਆਪਣੀ ਪਸੰਦ ਦਾ ਸੰਵਿਧਾਨ ਨਹੀਂ ਬਣਾ ਸਕਣਗੇ ? ਕੀ ਕਾਂਗਰਸ ਦੇ ਲੋਕਾਂ ਨੇ ਉਸ ਸਮੇਂ ਮੌਜੂਦ ਸੰਵਿਧਾਨ ’ਚ ਕੁਝ ਹੱਦ ਤਾਈਂ ਤਬਦੀਲੀ ਕਰਦੇ ਹੋਏ ਇਹ ਸੰਵਿਧਾਨ ਤਿਆਰ ਨਹੀਂ ਕੀਤਾ ਸੀ ? ਜਿਹੜੀਆਂ ਪਾਰਟੀਆਂ ਅਜਿਹੇ ਇਨਕਲਾਬੀ ਸਿਧਾਂਤ ਦਾ ਸਮਰਥਨ ਕਰਦੀਆਂ ਹੋਣ ਜਿਸਦੇ ਉਦੇਸ਼ ਲੋਟੂ ਸੰਪੱਤੀਆਂ ਨੂੰ ਬਿਨਾਂ ਕਿਸੇ ਮੁਆਵਜੇ ਦੇ ਜ਼ਬਤ ਕਰ ਲੈਣਾ ਹੋਵੇ, ਤਾਂ ਕੀ ਅਜਿਹਾ ਕਰਨ ਲਈ ਇਹ ਸੋਚਣਾ ਪਏਗਾ ਕਿ ਇਸ ਲਈ ਸੰਵਿਧਾਨ ਇਜ਼ਾਜ਼ਤ ਦਿੰਦਾ ਹੈ ਜਾਂ ਨਹੀਂ ? ਜੇਕਰ ਅਜਿਹਾ ਹੋਇਆ ਕਿ ਉਹ ਸੱਤ੍ਹਾ ’ਚ ਆ ਗਏ, ਤਾਂ ਉਹ ਫੌਰੀ ਤੌਰ ’ਤੇ ਲੋਟੂ ਹੱਕਾਂ ਦੇ ਇਸ ਸੰਵਿਧਾਨ ਦੇ ਚਿੱਥੜੇ ਕਰ ਦੇਣਗੇ ਅਤੇ ਆਪਣੇ ਸਿਧਾਂਤ ਅਨੁਰੂਪ ਹੀ ਨਵੇਂ ਸੰਵਿਧਾਨ ਦੇ ਸੂਤਰ ਰਚੇ ਜਾਣਗੇ। ਭਾਵੇਂ ਜਿਸ ਵੀ ਵਿਚਾਰਧਾਰਾ ਦੀ ਪਾਰਟੀ ਸੱਤ੍ਹਾ ’ਚ ਆਏਗੀ, ਉਹ ਉਸੇ ਸੰਵਿਧਾਨ ਦੀ ਰਚਨਾ ਕਰੇਗੀ ਜਿਹੜਾ ਉਸਦੀ ਵਿਚਾਰਧਾਰਾ ਨਾਲ਼ ਮੇਲ ਖਾਂਦਾ ਹੋਵੇ। ਉਹ ਦੂਜਿਆਂ ਦੇ ਸੰਵਿਧਾਨ ਦਾ ਸਹਾਰਾ ਨਹੀਂ ਲਵੇਗੀ। ਕੀ ਇਸ ਮਹਾਨ ਸੰਵਿਧਾਨ ਮਾਹਰ ਨੂੰ ਇੰਨੀ ਮਾਮੂਲੀ ਜਿਹੀ ਗੱਲ ਪਤਾ ਨਹੀਂ ਸੀ ?

ਇਹ ਜ਼ਰੂਰੀ ਨਹੀਂ ਹੈ ਕਿ ਕਮਿਊਨਿਸਟਾਂ ਅਤੇ ਸਮਾਜਵਾਦੀਆਂ ਦੁਆਰਾ ਇਸ ਕਾਂਗਰਸੀ ਸੰਵਿਧਾਨ ਦੀ ਅਲੋਚਨਾ ਦੀ ਇਹੀ ਵਜ੍ਹਾ ਹੋਵੇ ਜਿਹੜੀ ਅੰਬੇਡਕਰ ਸਾਹਬ ਦੱਸ ਰਹੇ ਹਨ, ਯਾਣੀ ਕਿ, ‘ਇਹ ਸੰਵਿਧਾਨ ਸਾਡੇ ਲਈ ਲਾਹੇਵੰਦ ਨਹੀਂ ਹੈ’। ਇਹ ਵਜ੍ਹਾ ਮੁਕੰਮਲ ਤੌਰ ’ਤੇ ਬੇਅਰਥ ਹੈ। ਉਹਨਾਂ ਨੇ ਉਸ ਸਮੇਂ ਦੀ ਮੌਜੂਦਾ ਹਾਲਤ ਦੀ ਅਲੋਚਨਾ ਕੀਤੀ



www.punjabibookspdf.com

ਹੋਵੇਗੀ। ਅੰਬੇਡਕਰ ਨੇ ਉਹਨਾਂ ਦੇ ਕਿਸੇ ਵੀ ਬਿਆਨ ਦਾ ਵਰਨਣ ਤਾਂ ਨਹੀਂ ਦਿੱਤਾ, ਬਸ ਉਹਨਾਂ 'ਤੇ ਇਲਜ਼ਾਮ ਮੜ੍ਹਦੇ ਰਹੇ।

ਇਕ ਸੰਵਿਧਾਨ ਮਾਹਰ ਲਈ — ਜਿਹੜਾ ਉਹਨਾਂ ਵੱਡੇ-ਵੱਡੇ ਰਾਜਿਆਂ ਅਤੇ ਸਰਮਾਏਦਾਰਾਂ ਦਰਮਿਆਨ ਪੂੰਜੀਵਾਦੀ ਸੰਵਿਧਾਨ ਸਭਾ 'ਚ ਸਥਾਪਿਤ ਹੋਇਆ ਜਿਹਨਾਂ ਨੇ ਆਪਣੇ ਲੋਟੂ ਸੰਪੱਤੀ ਹੱਕਾਂ ਦੀ ਰੱਖਿਆ ਕਰਨ ਦੀ ਜਿੰਮੇਦਾਰੀ ਇਹਨਾਂ ਦੇ ਮੋਢਿਆਂ 'ਤੇ ਪਾਈ ਅਤੇ ਜਿਹੜਾ ਇਸ ਸੁੱਖੀ ਅਹਿਸਾਸ ਨਾਲ਼ ਖੀਵਾ ਸੀ ਕਿ ਮੈਂ ਰਾਜਿਆਂ ਅਤੇ ਸਰਮਾਏਦਾਰਾਂ ਦੇ ਮੁਲਕ ਦੀ ਸੇਵਾ ਕਰ ਰਿਹਾ ਹਾਂ — ਇਸ ਵਿਚਾਰ ਨਾਲ਼ ਵੀ ਬੇਹੱਦ ਗੁੱਸੇ ਹੋ ਜਾਣਾ ਸੁਭਾਵਿਕ ਹੈ ਕਿ ਅਜਿਹੇ ਲੋਕ ਵੀ ਹਨ ਜਿਹੜੇ ਰਾਜਿਆਂ ਅਤੇ ਸਰਮਾਏਦਾਰਾਂ ਦੀ ਸੰਪੱਤੀ ਨੂੰ ਬਿਨਾਂ ਮੁਆਵਜਾ ਦਿੱਤੇ ਜ਼ਬਤ ਕਰਨ ਬਾਰੇ ਸੋਚਦੇ ਹਨ। ਅੰਬੇਡਕਰ ਦੇ ਮਾਮਲੇ 'ਚ ਇਹੀ ਗੱਲ ਹੋਈ। ਤਾਹੀਂਓ, ਸਰਮਾਏਦਾਰਾਂ ਦਾ ਇਹ ਬੇਲੀ ਕਮਿਊਨਿਸਟਾਂ ਅਤੇ ਸੋਸ਼ਲਿਸਟਾਂ 'ਤੇ ਇੰਨਾ ਖਫ਼ਾ ਹੋ ਗਿਆ।

ਅੰਬੇਡਕਰ ਦਾ ਭਾਸ਼ਣ ਹਾਲੇ ਖਤਮ ਨਹੀਂ ਹੋਇਆ ਹੈ। ਇਹ ਵਕੀਲਾਂ ਵਾਲ਼ੀ ਲੈਅ-ਤਾਲ ਅਤੇ ਸਰਮਾਏਦਾਰਾਂ ਦੇ ਸਿਆਸੀ ਦਾਅ-ਪੇਚ ਦਾ ਕਦਮਤਾਲ ਕਰਦਾ ਹੋਇਆ ਅਗਾਂਹ ਵੱਧਦਾ ਹੈ। ਪਰ ਅੰਬੇਡਕਰ ਦੀ ਵੀ ਥੋੜ੍ਹੀ-ਜਿਹੀ ਝਿਜਕ ਇਸ ਗੱਲ ਨੂੰ ਲੈ ਕੇ ਸੀ ਕਿ 'ਕਿਰਤ ਦੀ ਲੁੱਟ' ਵਾਲੀ ਸ਼ਬਦਾਵਲੀ ਦੇ ਸੰਸਾਰ ਮੰਚ 'ਤੇ ਛਾ ਜਾਣ ਮਗਰੋਂ ਵੀ ਸਰਮਾਏਦਾਰਾਂ ਦੇ ਸੰਪੱਤੀ ਹੱਕਾਂ ਅਤੇ ਉਨ੍ਹਾਂ ਦੇ ਸੰਵਿਧਾਨ ਦਾ ਸਮਰਥਨ ਕਰਨਾ ਵਿਸ਼ਵਾਸਘਾਤ ਹੋਵੇਗਾ। ਨਾਲ਼ੇ, ਇਸ ਵਜ਼ੀਰ ਨੇ ਖੁਦ ਨੂੰ ਅਪਰਾਧ ਮੁਕਤ ਕਰਦੇ ਹੋਏ ਤੁਰੰਤ ਆਪਣੇ ਭਾਸ਼ਣ ਦਾ ਸੁਰ-ਤਾਲ ਬਦਲ ਦਿੱਤਾ —

> *"ਮੇਰਾ ਕਹਿਣਾ ਇਹ ਨਹੀਂ ਹੈ ਕਿ ਸਿਰਫ਼ ਸੰਸਦੀ ਲੋਕਤੰਤਰ ਦਾ ਸਿਧਾਂਤ ਹੀ ਸਿਆਸੀ ਲੋਕਤੰਤਰ ਦਾ ਆਦਰਸ਼ ਸਰੂਪ ਹੈ। ਮੈਂ ਇਹ ਨਹੀਂ ਕਹਿੰਦਾ ਹਾਂ ਕਿ ਬਿਨਾਂ ਨੁਕਸਾਨ ਪੂਰਤੀ ਦੇ ਨਿੱਜੀ ਸੰਪੱਤੀ ਦੇ ਕਬਜ਼ੇ ਦਾ ਸਿਧਾਂਤ ਇੰਨਾ ਅਲੰਘ ਹੈ ਕਿ ਇਸ ਤੋਂ ਪਿਛਾਂਹ ਹਟਣ ਦਾ ਕੋਈ ਰਾਹ ਹੀ ਨਹੀਂ ਹੋ ਸਕਦਾ। ਮੈਂ ਇਹ ਨਹੀਂ ਕਹਿੰਦਾ ਹਾਂ ਕਿ ਮੌਲਿਕ ਹੱਕ ਕਦੇ ਨਿਰਪੇਖ ਨਹੀਂ ਹੋ ਸਕਦੇ ਅਤੇ ਇਹਨਾਂ ਦੇ ਹੌਲ਼ੀ-ਹੌਲ਼ੀ ਸੀਮਤ ਕਰਨ ਨੂੰ ਕਦੇ ਖੰਡਤ ਨਹੀਂ ਕੀਤਾ ਜਾ ਸਕਦਾ। ਮੇਰਾ ਕਹਿਣਾ ਇਹ ਹੈ ਕਿ ਸੰਵਿਧਾਨ 'ਚ ਸ਼ਾਮਲ ਸਿਧਾਂਤ ਅੱਜ ਦੀ ਪੀੜ੍ਹੀ ਦੇ ਵਿਚਾਰ ਹਨ ਅਤੇ ਇਸਦੇ ਉਲਟ ਸਮਝਿਆ ਜਾ ਰਿਹਾ ਹੋਵੇ ਤਾਂ ਮੈਂ ਇਹ ਕਹਾਂਗਾ ਕਿ ਇਹ ਵਿਚਾਰ ਸੰਵਿਧਾਨ ਸਭਾ ਦੇ ਮੈਂਬਰਾਂ ਦਾ ਹੈ। ਇਹਨਾਂ ਨੂੰ ਸੰਵਿਧਾਨ 'ਚ ਸ਼ਾਮਲ ਕਰਨ ਲਈ ਖਰੜਾ ਕਮੇਟੀ ਨੂੰ ਕਿਉਂ ਦੋਸ਼ੀ ਠਹਿਰਾਇਆ ਜਾਵੇ? ਮੈਂ ਤਾਂ ਕਹਿੰਦਾ ਹਾਂ ਕਿ ਸੰਵਿਧਾਨ ਸਭਾ ਦੇ ਮੈਂਬਰਾਂ ਨੂੰ ਵੀ ਕਿਉਂ ਦੋਸ਼ੀ ਠਹਿਰਾਇਆ ਜਾਵੇ?* (ਪੰਨਾ 1211)

ਅੰਬੇਡਕਰ ਪੁੱਛਦੇ ਹਨ ਕਿ, 'ਸੰਵਿਧਾਨ ਸਭਾ ਨੂੰ ਕਿਉਂ ਦੋਸ਼ੀ ਠਹਿਰਾਇਆ ਜਾਵੇ'! ਸੰਵਿਧਾਨ ਸਭਾ ਦੇ ਸਾਰੇ ਮੈਂਬਰ ਸੰਪੱਤੀ ਹੱਕਾਂ ਦੇ ਸਮਰਥਕ ਹਨ! ਤਦ ਵੀ ਸਾਨੂੰ



www.punjabibookspdf.com

ਸੰਵਿਧਾਨ ਸਭਾ ਦੀ ਅਲੋਚਨਾ ਨਹੀਂ ਕਰਨੀ ਚਾਹੀਦੀ ਹੈ! ਇਹ ਉਸ ਵਿਅਕਤੀ ਦਾ ਕਹਿਣਾ ਹੈ ਜਿਹੜਾ ਇਹ ਦਾਅਵਾ ਕਰਦਾ ਫਿਰਦਾ ਹੈ ਕਿ ਮੇਰਾ ਉਦੇਸ਼ ਅਨੁਸੂਚਿਤ ਜਾਤਾਂ ਦੀ ਰੱਖਿਆ ਕਰਨਾ ਹੈ! ਇਸ ਤੋਂ ਇਲਾਵਾ, ਇਸਦਾ ਇਹ ਅਰਥ ਵੀ ਹੁੰਦਾ ਹੈ ਕਿ ਅੰਬੇਡਕਰ ਵਾਧੂ ਬੇਗੁਨਾਹੀ ਦਾ ਇਜ਼ਹਾਰ ਕਰ ਰਹੇ ਹਨ ਅਤੇ ਕਹਿ ਰਹੇ ਹਨ ਕਿ — *'ਅਸੀਂ ਓਹੀ ਕੀਤਾ ਜਿਹੜਾ ਸੰਵਿਧਾਨ ਸਭਾ ਨੇ ਸਾਨੂੰ ਕਰਨ ਲਈ ਕਿਹਾ। ਤੁਸੀਂ ਸਾਨੂੰ ਇਲਜ਼ਾਮ ਕਿਉਂ ਦਿੰਦੇ ਹਨ ?'*

ਪਰ ਭਾਵੇਂ ਦੂਜੇ ਲੋਕ ਉਹਨਾਂ ਨੂੰ ਕਹਿੰਦੇ ਰਹਿੰਦੇ, ਜੇਕਰ ਉਹ ਇਸ ਕੰਮ ਨੂੰ ਪਸੰਦ ਨਾ ਕਰਦੇ ਹੁੰਦੇ ਤਾਂ ਉਹ ਨਾ ਕਰਦੇ, ਜਾਂ ਕਰਦੇ ? ਉਹਨਾਂ ਨੇ ਉਸ ਕੰਮ ਨੂੰ ਖ਼ੁਸ਼ੀ-ਖ਼ੁਸ਼ੀ ਅਤੇ ਦ੍ਰਿੜਤਾ ਨਾਲ਼ ਕੀਤਾ ਜਿਹੜਾ ਕਿ ਸੰਵਿਧਾਨ ਸਭਾ ਨੇ ਉਹਨਾਂ ਨੂੰ ਸੌਂਪਿਆ ਸੀ। ਉਹਨਾਂ ਨੇ ਕਿਸੇ ਦਬਾਅ 'ਚ ਆ ਕੇ ਆਪਣੀ ਇੱਛਾ ਵਿਰੁੱਧ ਇਹ ਨਹੀਂ ਕੀਤਾ, ਜਾਂ ਕੀਤਾ ? ਠੀਕ ਇਹੀ ਕਾਰਨ ਹੈ ਕਿ ਅਸੀਂ ਉਹਨਾਂ ਨੂੰ ਦੋਸ਼ੀ ਠਹਿਰਾਉਂਦੇ ਹਾਂ!

ਸੰਵਿਧਾਨ ਸਭਾ, ਖਰੜਾ ਕਮੇਟੀ ਅਤੇ ਅੰਬੇਡਕਰ — ਇਹ ਵੱਖ ਨਹੀਂ ਹਨ। ਸਾਰੇ ਇੱਕ ਹੀ ਥਾਲੀ ਦੇ ਚੱਟੇ-ਬੱਟੇ ਹਨ। ਸਾਡੀ ਅਲੋਚਨਾ ਉਹਨਾਂ ਸਾਰਿਆਂ ਦੇ ਵਿਰੁੱਧ ਹੈ ਜਿਹਨਾਂ ਨੇ ਇਕੱਠੇ ਮਿਲ਼ ਕੇ ਅਤੇ ਮਨਮਰਜੀ ਨਾਲ਼ ਇਸ ਕੰਮ ਨੂੰ ਅੰਜਾਮ ਦਿੱਤਾ ਹੈ! ਜਿਹੜਾ ਇਸ ਸੰਵਿਧਾਨ ਨਾਲ ਸਹਿਮਤ ਨਹੀਂ ਹੈ ਉਹਨਾਂ ਨੂੰ ਸੰਵਿਧਾਨ ਅਤੇ ਇਸਦੇ ਘਾੜਿਆਂ ਦੀ ਅਲੋਚਨਾ ਕਰਨ ਦਾ ਪੂਰਾ ਹੱਕ ਹੈ।

ਇਸ ਮਗਰੋਂ, ਅੰਬੇਡਕਰ ਨੇ ਇੱਕ ਦੂਜੀ ਦਲੀਲ ਸ਼ੁਰੂ ਕਰ ਦਿੱਤੀ — *'ਸੰਵਿਧਾਨ ਸਭਾ ਦੇ ਮੌਜੂਦ ਮੈਂਬਰਾਂ ਦੇ ਵਿਚਾਰਾਂ ਦੀ ਵਜ੍ਹਾ ਕਰਕੇ ਹੀ ਸੰਵਿਧਾਨ ਅਜਿਹਾ ਬਣ ਸਕਿਆ। ਜੇਕਰ ਅਗਲੀ ਪੀੜ੍ਹੀ ਦੇ ਲੋਕ ਇਸ ਨੂੰ ਬਦਲਣਾ ਚਾਹੁੰਣ ਤਾਂ ਬਦਲਣ, ਅਸੀਂ ਇਹ ਨਹੀਂ ਕਹਿ ਰਹੇ ਹਾਂ ਕਿ ਇਸਨੂੰ ਬਦਲਿਆ ਨਹੀਂ ਜਾਣਾ ਚਾਹੀਦਾ ਹੈ ਅਤੇ ਹਮੇਸ਼ਾ ਲਈ ਇਸ ਨੂੰ ਸੁਰੱਖਿਅਤ ਰੱਖਿਆ ਜਾਵੇ।'*

ਇਹ ਵੱਖਰੀ ਗੱਲ ਹੈ ਕਿ ਅਗਲੀ ਪੀੜ੍ਹੀ ਦੇ ਲੋਕ ਇਸਨੂੰ ਬਦਲਣ ਜਾਂ ਉਹ ਵੀ ਇਸੇ ਸੰਵਿਧਾਨ ਨੂੰ ਬਣਾਈ ਰੱਖਣ। ਅਜੇ ਤੱਕ ਦੀ ਅਲੋਚਨਾ ਤਾਂ ਇਸ ਸੰਵਿਧਾਨ ਸਭਾ ਦੇ ਵਿਰੁੱਧ ਹੈ। 'ਉਸ ਕੰਮ ਨੂੰ ਨਾ ਕਰਨਾ ਜਿਹੜਾ ਹੁਣੇ ਦਾ ਹੁਣੇ ਕੀਤਾ ਜਾ ਸਕਦਾ ਹੋਵੇ ਅਤੇ ਅਗਲੀ ਪੀੜ੍ਹੀ ਨੂੰ ਇਹ ਦੱਸਣਾ ਕਿ ਉਹ ਜੋ ਚਾਹੇ ਕਰੇ'—ਇਹ ਇਜ਼ਹਾਰ ਕਰਦੀ ਹੈ ਕਿ ਅੱਜ ਦੀ ਪੀੜ੍ਹੀ ਆਪਣੇ ਵਰਤਮਾਨ ਫ਼ਰਜਾਂ ਤੋ ਮੂੰਹ ਮੋੜ ਰਹੀ ਹੈ ਅਤੇ ਇਸਨੂੰ ਅਗਲੀ ਪੀੜ੍ਹੀ 'ਤੇ ਲੱਦ ਰਹੀ ਹੈ। ਦੂਜੇ ਸ਼ਬਦਾਂ 'ਚ, ਅੱਜ ਦੀ ਪੀੜ੍ਹੀ ਦੇ ਲੋਕਾਂ ਦਾ ਇਹ ਕਹਿਣਾ ਹੈ ਕਿ, 'ਸਾਨੂੰ ਸਿਰਫ ਲੋਟੂ ਹੱਕਾਂ ਦੀ ਲੋੜ ਹੈ'! ਇਸ ਲਈ ਇਹ ਅਲੋਚਨਾ ਸੰਵਿਧਾਨ ਸਭਾ ਦੇ ਮੈਂਬਰਾਂ ਵਿਰੁੱਧ ਹੈ।

ਅੰਬੇਡਕਰ ਦਾ ਇਹ ਸੋਚਣਾ ਹੈ ਕਿ ਉਹਨਾਂ ਦਾ ਤਰਕ, ਯਾਨੀ ਕਿ 'ਸੰਵਿਧਾਨ ਸਭਾ ਦੇ ਮੌਜੂਦ ਮੈਂਬਰਾਂ ਦੇ ਵਿਚਾਰਾਂ ਕਾਰਨ ਹੀ ਸੰਵਿਧਾਨ ਅਜਿਹਾ ਬਣਿਆ' ਬੇਹੱਦ ਅਕੱਟ ਹੈ ਅਤੇ ਅਜਿਹੇ ਮਜ਼ਬੂਤ ਤਰਕ ਨੂੰ ਪੇਸ਼ ਕਰਨ 'ਚ ਉਹ ਸਫਲ ਰਹੇ। ਸੰਵਿਧਾਨ ਦੇ ਅਲੋਚਕਾਂ



www.punjabibookspdf.com

ਨੂੰ ਜਗੀਰੂ ਰਾਜਿਆਂ ਅਤੇ ਸਰਮਾਏਦਾਰਾਂ ਦੇ ਵਿਚਾਰਾਂ ’ਤੇ ਕੋਈ ਤਕਲੀਫ਼ ਨਹੀਂ ਸੀ।ਅਲੋਚਕਾਂ ਨੂੰ ਇਹ ਪਤਾ ਹੈ ਕਿ ਉਹਨਾਂ ਦੇ ਅਜਿਹੇ ਹੀ ਵਿਚਾਰ ਹਨ। ਸਾਰੀ ਅਲੋਚਨਾ ਇਸ ਗੱਲ ਦੀ ਹੈ ਕਿ ਅੰਬੇਡਕਰ ਦੇ ਵੀ ਅਜਿਹੇ ਹੀ ਵਿਚਾਰ ਹਨ।

ਕੀ ਜਗੀਰੂ ਰਾਜਿਆਂ, ਸਰਮਾਏਦਾਰਾਂ ਅਤੇ ਅੰਬੇਡਕਰ ਦੇ ਵਿਚਾਰ ਇੱਕ ਹੋਣੇ ਚਾਹੀਦੇ ਹਨ ? ਕੀ ਕੁਝ ਵੀ ਅੰਤਰ ਹੋਣਾ ਚਾਹੀਦਾ ਹੈ ?

ਇਹਨਾਂ ਸ਼੍ਰੀਮਾਨ ਜੀ ਦਾ ਇਹ ਦਾਅਵਾ ਹੈ ਕਿ ਇਹ ਦਲਿਤ ਜਮਾਤ ਦੇ ਨੁਮਾਇੰਦੇ ਹਨ। ਉਹ ਅਜਿਹਾ ਵਿਅਕਤੀ ਹੈ ਜਿਹੜਾ ਇਹ ਦਾਅਵਾ ਕਰਦਾ ਹੈ ਕਿ ਅਨੁਸੂਚਿਤ ਜਾਤਾਂ ਦਾ ਹਿੱਤ ਸਾਧਣਾ ਹੀ ਉਸਦਾ ਟੀਚਾ ਹੈ। ਇਹ ਓਹੀ ਵਿਅਕਤੀ ਹੈ ਜਿਸਨੇ ‘ਆਰਥਿਕ ਲੁੱਟ ਤੋਂ ਸੁਰੱਖਿਆ’ ਅਤੇ ‘ਰਾਜਕੀ ਸਮਾਜਵਾਦ’ ਜਿਹੀਆਂ ਵਿਸ਼ਾਲ ਯੋਜਨਾਵਾਂ ਦਾ ਐਲਾਨ ਕੀਤਾ ਸੀ ! ਇਹ ਓਹੀ ਵਿਅਕਤੀ ਹੈ ਜਿਸਨੇ ਜ਼ੋਰਦਾਰ ਢੰਗ ਨਾਲ਼ ਇਹ ਗੱਲ ਰੱਖੀ ਸੀ ਕਿ ਅਜ਼ਾਦੀ ਤੋਂ ਬਾਅਦ 10 ਵਰ੍ਹਿਆਂ ਅੰਦਰ ਹੀ ਉਸਦੀਆਂ ਯੋਜਨਾਵਾਂ ਨੂੰ ਲਾਗੂ ਕਰ ਦਿੱਤਾ ਜਾਣਾ ਚਾਹੀਦਾ ਹੈ ਅਤੇ ਇਹ ਕਿ ਉਹਨਾਂ ਦੀਆਂ ਯੋਜਨਾਵਾਂ ਨਾਲ਼ ਸਮਾਜ ’ਚ ਅਜ਼ਾਦੀ, ਏਕਤਾ ਅਤੇ ਭਾਈਚਾਰੇ ਦਾ ਜਨਮ ਹੋਵੇਗਾ ! ਅਜਿਹਾ ਵਿਅਕਤੀ ਆਪਣੇ ਸਾਰੇ ਉਦੇਸ਼ਾਂ, ਨਾਅਰਿਆਂ, ਯੋਜਨਾਵਾਂ ਨੂੰ ਕਿਉਂ ਤਿਆਗ ਗਿਆ ਅਤੇ ਸੰਪੱਤੀਵਾਨ ਜਮਾਤ ਦੀ ਸੰਵਿਧਾਨ ਸਭਾ ਵਿੱਚ ਘੁਸ ਗਿਆ ? ਉਹਨਾਂ ਨੇ ਕਿਸ ਮਕਸਦ ਨਾਲ਼ ਸੰਪੱਤੀਵਾਨ ਜਮਾਤ ਦੇ ਵਿਚਾਰਾਂ ਨੂੰ ਆਪਣੇ ਵਿਚਾਰ ਮੰਨ ਲਿਆ ? ਇਹਨਾਂ ਸਵਾਲਾਂ ਦਾ ਕੀ ਜਵਾਬ ਹੈ ? ‘ਜੇਕਰ ਅਗਲੀ ਪੀੜ੍ਹੀ ਦੇ ਲੋਕ ਸੰਵਿਧਾਨ ਬਦਲਣਾ ਚਾਹੁੰਣ ਤਾਂ ਬਦਲ ਸਕਦੇ ਹਨ’ — ਇਹ ਕੋਈ ਜਵਾਬ ਹੈ ?

ਅੰਬੇਡਕਰ ਨੇ ‘ਆਰਥਿਕ ਲੁੱਟ ਤੋਂ ਸੁਰੱਖਿਆ’ ਦੀ ਆਪਣੀ ਯੋਜਨਾ ਮਾਰਚ 1947 ’ਚ ਸੰਵਿਧਾਨ ਸਭਾ ’ਚ ਪੇਸ਼ ਕਰਨ ਦੇ ਨਜ਼ਰੀਏ ਤੋਂ ਤਿਆਰ ਕੀਤੀ ਸੀ (ਭਾਗ-1, ਪੰਨਾ-383) ਸੰਵਿਧਾਨ ਸਭਾ ਵਿੱਚ ਉਹਨਾਂ ਦੀ ਯੋਜਨਾ ਨੂੰ ਠੁਕਰਾ ਦਿੱਤਾ। ਇਸਦਾ ਅਰਥ ਇਹ ਹੁੰਦਾ ਹੈ ਕਿ ਜਿਵੇਂ ਸੰਵਿਧਾਨ ਸਭਾ ਨੇ ਅੰਬੇਡਕਰ ਦੀ ਯੋਜਨਾ ਨੂੰ ਠੁਕਰਾਇਆ, ਅੰਬੇਡਕਰ ਨੇ ਸੰਵਿਧਾਨ ਸਭਾ ਦੀ ਯੋਜਨਾ ਨੂੰ ਅਪਣਾ ਲਿਆ।

ਅੰਬੇਡਕਰ ਦੀ ਯੋਜਨਾ ਦੇ ਤੱਤ ਨੂੰ ਅਸੀਂ ਪਹਿਲਾਂ ਹੀ ਦੇਖ ਚੁੱਕੇ ਹਾਂ। ਇਹ ਅਜਿਹੀ ਯੋਜਨਾ ਹੈ ਜਿਹੜੀ ਸਿੱਧੇ-ਸਿੱਧੇ ਸੰਪੱਤੀ ਦੇ ਪ੍ਰਬੰਧਾਂ ਨੂੰ ਰੂਪਾਂਤਰਿਤ ਕਰਦੀ ਹੈ। ਅੰਬੇਡਕਰ ਨੇ ਘੱਟੋ-ਘੱਟ ਅਜਿਹੀ ਯੋਜਨਾ ਤਿਆਰ ਕੀਤੀ ਸੀ ਕਿਉਂਕਿ ਚੀਨ ’ਚ ਅਤੇ ਭਾਰਤ ’ਚ ਵੀ ਤੇਲੰਗਾਨਾ ਜਿਹੇ ਸਥਾਨਾਂ ’ਚ, ਖੇਤ-ਮਜ਼ਦੂਰ ਭੂਮੀ-ਮਾਲਕਾਂ ਦੀ ਜ਼ਮੀਨ ਖੋਹਣ ਲਈ ਸੰਘਰਸ਼ ਕਰ ਰਹੇ ਸਨ। ਅਜਿਹੇ ਵਾਤਾਵਰਣ ’ਚ, ਜੇਕਰ ਉਹਨਾਂ ਨੇ ਗਰੀਬਾਂ ਦੀ ਸੁਰੱਖਿਆ ਬਾਰੇ ਗੱਲ ਕਰਦੇ ਸਮੇਂ ‘ਸੰਪੱਤੀ’ ਦਾ ਜਿਕਰ ਨਾ ਕੀਤਾ ਹੁੰਦਾ ਤਾਂ ਹਾਸੋਹੀਣਾ ਲੱਗਦਾ। ਇਸ ਲਈ ਉਹਨਾਂ ਨੇ ਇਸ ਤਰ੍ਹਾਂ ਦੀ ਯੋਜਨਾ ਖੋਜ ਲਈ।

ਜਦੋਂ ਸੰਵਿਧਾਨ ਸਭਾ ਨੇ ਉਹਨਾਂ ਦੀ ਯੋਜਨਾ ਨੂੰ ਠੁਕਰਾ ਦਿੱਤਾ, ਤਦ ਕਿਸੇ ਵੀ ਵਿਅਕਤੀ ਨੂੰ ਅਜਿਹੀ ਹਾਲਤ ’ਚ ਕੀ ਕਰਨਾ ਚਾਹੀਦਾ ਸੀ ਜਦੋਂ ਕਿ ਉਹ ਯੋਜਨਾ ਹੀ



www.punjabibookspdf.com

ਉਸਦਾ ਟੀਚਾ ਹੋਵੇ ? ਉਸਨੂੰ ਲੋਕਾਂ ਦਰਮਿਆਨ ਅਜਿਹੇ ਪ੍ਰੋਗਰਾਮ ਚਲਾਉਣੇ ਚਾਹੀਦੇ ਸਨ ਜਿਹੜੇ ਉਸਦੀ ਯੋਜਨਾ ਦਾ ਸਮਰਥਨ ਕਰਦੇ ਹੋਣ ਅਤੇ ਉਸਨੂੰ ਪ੍ਰਸਾਰਿਤ ਕਰਦੇ ਹੋਣ। ਪਰ ਅੰਬੇਡਕਰ ਨੇ ਤਾਂ ਮੁੜ ਇਸ ਦਾ ਵਰਨਣ ਹੀ ਨਹੀਂ ਕੀਤਾ! ਉਹਨਾਂ ਨੇ ਇਸ ਮੁੱਦੇ ਨੂੰ ਮੁੜ ਉਠਾਇਆ ਹੀ ਨਹੀਂ!

ਉਸ ਤੋਂ ਬਾਅਦ ਤਾਂ ਉਹ ਜਲਦੀ ਹੀ ਕਾਂਗਰਸ ਸਰਕਾਰ 'ਚ ਮੰਤਰੀ ਬਣ ਗਏ ਅਤੇ ਖਰੜਾ ਕਮੇਟੀ ਦੇ ਪ੍ਰਧਾਨ ਬਣ ਗਏ ਅਤੇ ਇੱਕ ਤੇਲਗੂ ਮੁਹਾਵਰੇ ਦੀ ਵਰਤੋਂ ਕਰੀਏ ਤਾਂ ਮੰਤਰੀ ਅਹੁੱਦੇ ਅਤੇ ਪ੍ਰਧਾਨਗੀ ਖੁਦ-ਬ-ਖੁਦ ਅੰਬੇਦਕਰ ਦੀ ਝੋਲ਼ੀ 'ਚ ਆ ਡਿੱਗੀ। ਫਿਰ ਮਗਰੋਂ, ਅੰਬੇਦਕਰ ਨੇ 'ਆਰਥਿਕ ਲੁੱਟ ਤੋਂ ਸੁਰੱਖਿਆ' ਦੀ ਆਪਣੀ ਯੋਜਨਾ ਦਾ ਤਿਆਗ ਕਰ ਦਿੱਤਾ ਅਤੇ ਬੜੀ ਖੁਸ਼ੀ ਨਾਲ਼ ਸੰਵਿਧਾਨ ਨੂੰ ਸਜਾਉਣ-ਸੰਵਾਰਨ ਦੇ ਉਸ ਪ੍ਰੋਗਰਾਮ 'ਚ ਲੱਗ ਗਏ ਜੋ 'ਆਰਥਿਕ ਲੁੱਟ' ਨੂੰ ਸੁਰੱਖਿਆ ਪ੍ਰਦਾਨ ਕਰਦਾ ਹੈ ਅਤੇ ਉਹ ਇਸ ਅਨੰਦ ਨਾਲ਼ ਖੀਵੇ ਹੋ ਗਏ ਕਿ ਉਹਨਾਂ ਨੂੰ ਮੁਲਕ ਦੀ ਸੇਵਾ ਕਰਨ ਦਾ ਮੌਕਾ ਮਿਲ਼ ਗਿਆ ਹੈ। ਉਹਨਾਂ ਦੀ ਸੁਰੱਖਿਆ ਯੋਜਨਾ ਕਿਸੇ ਵੀ ਤਰ੍ਹਾਂ ਨਾਲ਼ ਲਾਹੇਵੰਦ ਨਹੀਂ ਸੀ ਸਿਵਾਏ ਇਸਦੇ ਕਿ, ਉਹਨਾਂ ਦੀ ਮੌਤ ਮਗਰੋਂ ਉਹਨਾਂ ਦੀਆਂ ਮੁਕੰਮਲ ਰਚਨਾਵਾਂ ਦਾ ਸ਼ਿੰਗਾਰ ਬਣੇ।

ਜਿਸ ਤਰ੍ਹਾਂ ਦੇ ਸਵਾਲ ਅਸੀਂ ਅੰਬੇਡਕਰ ਤੋਂ ਕੀਤੇ, ਜਿਵੇਂ ਕਿ, 'ਤੁਹਾਨੂੰ ਅਜਿਹਾ ਕਿਉਂ ਕਰਨਾ ਚਾਹੀਦਾ ਸੀ ? ਤੁਸੀਂ ਅਜਿਹਾ ਕਿਉਂ ਕੀਤਾ ?', ਉਸ ਤਰ੍ਹਾਂ ਦੇ ਸਵਾਲ ਇਸ ਸੰਵਿਧਾਨ ਸਭਾ ਦੇ ਹੋਰ ਮੈਂਬਰਾਂ ਤੋਂ ਨਹੀਂ ਕਰਾਂਗੇ। ਅਜਿਹਾ ਇਸ ਲਈ, ਕਿਉਂਕਿ ਦੂਜੇ ਮੈਂਬਰਾਂ ਨੇ ਕੁੱਝ ਇਸ ਤਰ੍ਹਾਂ ਦੇ ਉਦੇਸ਼ਾਂ ਦਾ ਐਲਾਨ ਨਹੀਂ ਕੀਤਾ ਸੀ, ਜਿਵੇਂ ਕਿ 'ਅਨੁਸੂਚਿਤ ਜਾਤੀਆਂ ਦੇ ਹਿੱਤਾਂ ਦੀ ਰੱਖਿਆ ਕਰਨਾ ਮੇਰਾ ਟੀਚਾ ਹੈ!' ਜਾਂ, 'ਅਜ਼ਾਦੀ, ਏਕਤਾ ਅਤੇ ਭਾਈਚਾਰਾ ਮੇਰੇ ਉਦੇਸ਼ ਹਨ!' ਆਦਿ। ਉਹਨਾਂ ਨੇ ਕੋਈ ਪ੍ਰਚੰਡ ਸਹੁੰ ਨਹੀਂ ਖਾਧੀ ਸੀ। ਕਿਉਂਕਿ ਅੰਬੇਡਕਰ ਨੇ ਖੁਦ ਹੀ ਸੰਵਿਧਾਨ ਸਭਾ 'ਚ ਇਹਨਾਂ ਉਦੇਸ਼ਾਂ ਦਾ ਵਾਰ-ਵਾਰ ਐਲਾਨ ਕੀਤਾ ਸੀ, ਇਸ ਲਈ ਅਸੀਂ ਇਹਨਾਂ ਮੂਹਰੇ ਇਹ ਸਵਾਲ ਰੱਖੇ।

ਅੰਬੇਡਕਰ ਨੇ ਸੰਵਿਧਾਨ ਵਿਰੁੱਧ ਅਲੋਚਨਾ ਦਾ ਇੰਨੇ ਜ਼ੋਰਦਾਰ ਢੰਗ ਨਾਲ਼ ਵਿਰੋਧ ਕੀਤਾ ਸੀ ਕਿ ਕੋਈ ਵੀ ਤਰਕਬਾਜ਼ੀ ਬਾਕੀ ਨਹੀਂ ਬਚੀ ਸੀ। ਇਹਨਾਂ ਦਾ ਕਹਿਣਾ ਸੀ ਕਿ ਕਨਾਡਾ 'ਚ ਲੋਕਾਂ ਨੂੰ ਸੰਵਿਧਾਨ 'ਚ ਸੋਧ ਕਰਨ ਦਾ ਕੋਈ ਵੀ ਹੱਕ ਨਹੀਂ ਹੈ! ਜਦੋਂ ਕਿ ਅਮਰੀਕਾ ਅਤੇ ਅਸਟਰੇਲੀਆ 'ਚ ਕੁੱਝ ਵਿਸ਼ੇਸ਼ ਹਾਲਤਾਂ ਨੂੰ ਛੱਡ ਕੇ ਸੰਵਿਧਾਨ ਨੂੰ ਛੂਹਣਾ ਵੀ ਸੰਭਵ ਨਹੀਂ ਹੈ! ਪਰ ਭਾਰਤ 'ਚ ਅਜਿਹਾ ਨਹੀਂ ਹੈ! ਭਾਰਤ 'ਚ, ਸੰਵਿਧਾਨ 'ਚ ਸੋਧ ਲਈ ਸੰਸਦ 'ਚ ਕੁੱਝ ਖਾਸ ਬਹੁਮਤ ਹੋਣਾ ਕਾਫ਼ੀ ਹੈ। ਕੀ ਸੰਸਾਰ 'ਚ ਕਿਤੇ ਵੀ ਕੋਈ ਅਜਿਹਾ ਸੰਵਿਧਾਨ ਹੈ ਜਿਸਨੂੰ ਇੰਨੀ ਅਸਾਨੀ ਨਾਲ਼ ਸੋਧਿਆ ਜਾ ਸਕਦਾ ਹੈ ? ਇੱਥੇ ਸੰਵਿਧਾਨ 'ਚ ਸੋਧ ਕਰਨ ਦੀ ਬਹੁਤ ਸਰਲ ਪ੍ਰਕ੍ਰਿਆ ਹੈ। ਅਸੀਂ ਲੋਕਾਂ ਨੂੰ ਸੰਵਿਧਾਨ ਸੋਧਣ ਦੇ ਹੱਕ ਤੋਂ ਵਾਂਝਿਆ ਕਰਦੇ ਹੋਏ ਸੰਵਿਧਾਨ ਦੇ ਅਚੂਕ ਹੋਣ ਅਤੇ ਇਸਦੀ ਸੰਪੂਰਨਤਾ 'ਤੇ ਕੋਈ ਮੋਹਰ ਨਹੀਂ ਲਗਾ ਦਿੱਤੀ ਹੈ। ਜੇਕਰ ਤੁਸੀਂ ਇਸ 'ਚ ਸੋਧ ਕਰਨਾ ਚਾਹੁੰਦੇ ਹੋ ਤਾਂ ਬਹੁਮਤ ਹਾਸਲ ਕਰੋ ਅਤੇ ਇਸ 'ਚ ਸੋਧ ਕਰੋ। — ਉਹਨਾਂ ਨੇ ਜਿਸ ਤਰ੍ਹਾਂ ਬਹੁਤ ਸਾਰੇ ਤਰਕ ਰੱਖੇ ਸਨ, ਇਹ



www.punjabibookspdf.com

ਉਸਦੀ ਮਿਸਾਲ ਹਨ।

(ਇੱਥੇ ਅੱਜ ਦੇ ਦਲਿਤ ਲੀਡਰਾਂ ਬਾਰੇ ਇੱਕ ਸੰਦੇਹ ਉਤਪੰਨ ਹੁੰਦਾ ਹੈ! ਅੰਬੇਡਕਰ ਨੇ ਖੁਦ ਸਪੱਸ਼ਟ ਤੌਰ 'ਤੇ ਇਹ ਦੱਸਿਆ ਹੈ ਕਿ ਜੇਕਰ ਸੰਸਦ ਦੀ ਬਹੁ-ਗਿਣਤੀ ਮੈਂਬਰ ਸੰਵਿਧਾਨ 'ਚ ਸੋਧ ਚਾਹੁੰਦੇ ਹਨ ਤਾਂ ਇਸ ਲਈ ਸੰਵਿਧਾਨ 'ਚ ਪ੍ਰਬੰਧ ਹਨ, ਅਜਿਹਾ ਕਰਨ ਲਈ ਸੰਵਿਧਾਨ 'ਚ ਹੀ ਪ੍ਰਬੰਧ ਹਨ, ਕੀ ਉਹਨਾਂ ਨੇ ਇਹ ਨਹੀਂ ਦੱਸਿਆ? ਫਿਰ ਅੱਜ ਦਲਿਤ ਲੀਡਰ ਕਿਉਂ ਕਹਿੰਦੇ ਹਨ ਕਿ 'ਸਰਕਾਰ ਨੂੰ ਸੰਵਿਧਾਨ ਨਾਲ਼ ਛੇੜਛਾੜ ਨਹੀਂ ਕਰਨੀ ਚਾਹੀਦੀ ਅਤੇ ਇਸ 'ਚ ਸੋਧ ਨਹੀਂ ਕੀਤੀ ਜਾ ਸਕਦੀ'? ਸਹੀ ਤਰੀਕਾ ਕੀ ਹੈ? ਪ੍ਰਸਤਾਵਿਤ ਸੋਧਾਂ ਦਾ ਪਰੀਖਣ ਕਰਨਾ ਜਾਂ ਸੰਵਿਧਾਨ ਨਾਲ਼ ਛੇੜਛਾੜ ਕਰਨ ਦਾ ਤਰਕ ਦੇਣਾ? ਕੀ ਇਹਨਾਂ ਲੀਡਰਾਂ ਨੂੰ ਇਹ ਨਹੀਂ ਪਤਾ ਕਿ ਅੰਬੇਡਕਰ ਨੇ ਸੰਵਿਧਾਨ ਨੂੰ ਕਿੰਨਾ ਸਰਲ ਅਤੇ ਲਚਕੀਲਾ ਦੱਸਿਆ ਹੈ? )

ਭਾਰਤ ਦੇ ਸੰਵਿਧਾਨ ਬਾਰੇ ਅੰਬੇਡਕਰ ਨੇ ਆਪਣੇ ਅਲੋਚਕਾਂ 'ਤੇ ਇੱਕ ਡਰਾ ਦੇਣ ਵਾਲ਼ੀ ਚੁਣੌਤੀ ਠੋਕੀ ਹੈ —

> *"ਮੈਂ ਸੰਵਿਧਾਨ ਦੇ ਕਿਸੇ ਵੀ ਅਲੋਚਕ ਨੂੰ ਇਹ ਚੁਣੌਤੀ ਦਿੰਦਾ ਹਾਂ ਕਿ ਉਹ ਇਹ ਸਿੱਧ ਕਰ ਦੇਣ ਕਿ ਜਿਹਨਾਂ ਹਾਲਤਾਂ 'ਚ ਇਹ ਦੇਸ਼ ਹੈ ਉਸ 'ਚ ਸੰਸਾਰ 'ਚ ਕਿਤੇ ਵੀ ਕਿਸੇ ਸੰਵਿਧਾਨ ਸਭਾ ਨੇ ਸੰਵਿਧਾਨ ਸੋਧ ਦੀ ਅਜਿਹੀ ਸਰਲ ਪ੍ਰਕ੍ਰਿਆ ਦਾ ਪ੍ਰਬੰਧ ਕੀਤਾ ਹੋਵੇ" (ਪੰਨਾ 1211-1212)*

ਸੰਵਿਧਾਨ ਵਿਰੁੱਧ ਹਰ ਤਰ੍ਹਾਂ ਦੀ ਅਲੋਚਨਾ ਦਾ ਜੁਆਬ ਆਪਣੇ ਹੈਰਾਨ ਕਰਨ ਵਾਲ਼ੇ ਤਰਕਾਂ ਨਾਲ ਦੇਣ ਮਗਰੋਂ ਅੰਬੇਡਕਰ ਦੇ ਬਚੇ-ਖੁਚੇ ਭਾਸ਼ਣ ਨੇ ਉਹ ਦ੍ਰਿਸ਼ ਸਾਹਮਣੇ ਲੈ ਆਂਦਾ ਜਿਸ 'ਚ ਇਹਨਾਂ ਦੀ ਹਾਰਦਿਕ ਵੇਦਨਾ ਪ੍ਰਗਟ ਹੁੰਦੀ ਹੈ, 'ਕੀ ਭਾਰਤ ਆਪਣੀ ਅਜ਼ਾਦੀ ਨੂੰ ਬਚਾਈ ਰੱਖ ਸਕੇਗਾ ਜਾਂ ਫਿਰ ਇਸ ਨੂੰ ਗੁਆ ਦੇਵੇਗਾ?'

ਅੰਬੇਡਕਰ ਦਾ ਇਹ ਵਾਰ-ਵਾਰ ਕਹਿਣਾ ਸੀ ਕਿ ਦੇਸ਼ ਦੀ ਅਜ਼ਾਦੀ ਦੇ ਸਵਾਲ ਨੇ ਉਹਨਾਂ ਨੂੰ ਚਿੰਤਾਗ੍ਰਸਤ ਕਰ ਦਿੱਤਾ ਹੈ ਅਤੇ ਇਹ ਕਿ ਉਹਨਾਂ ਦਾ ਦਿਮਾਗ ਅਜਿਹੇ ਸੰਦੇਹਾਂ ਨਾਲ਼ ਭਰਿਆ ਪਿਆ ਹੈ। ਵਾਕ ਚਤੁਰਾਈ ਦਾ ਇਹ ਦ੍ਰਿਸ਼ ਇਸ ਤਰ੍ਹਾਂ ਅਗਾਂਹ ਵੱਧਦਾ ਹੈ —

> *"…. ਜਾਤ ਅਤੇ ਧਰਮ ਦੇ ਰੂਪ 'ਚ ਆਪਣੇ ਪੁਰਾਣੇ ਦੁਸ਼ਮਣਾਂ ਤੋਂ ਇਲਾਵਾ ਇਹ ਅਜਿਹਾ ਕਈ ਸਿਆਸੀ ਪਾਰਟੀਆਂ ਵਾਲ਼ਾ ਪ੍ਰਬੰਧ ਹੋਵੇਗਾ ਜਿਸ 'ਚ ਵੰਨਸਵੰਨਤਾ ਹੋਵੇਗੀ ਅਤੇ ਸਿਆਸੀ ਮੱਤਾਂ 'ਚ ਆਪਸੀ ਵਿਰੋਧ ਹੋਵੇਗਾ। ਕੀ ਭਾਰਤਵਾਸੀ ਇਸ ਮੁਲਕ ਨੂੰ ਆਪਣੇ ਮਤਾਂ-ਪੰਥਾਂ ਤੋਂ ਉਤਾਂਹ ਰੱਖਣਗੇ ਜਾਂ ਪੰਥ ਨੂੰ ਦੇਸ਼ ਤੋਂ ਉਤਾਂਹ ਰੱਖਣਗੇ, ਸਾਡਾ ਦੇਸ਼ ਦੂਜੀ ਵਾਰੀ ਖਤਰੇ 'ਚ ਪੈ ਜਾਵੇਗਾ ਅਤੇ ਸੰਭਵ ਹੈ ਕਿ ਸਦਾ ਲਈ ਹਾਰ ਜਾਵੇਗਾ। ਇਸ ਸੰਭਾਵਨਾ ਵਿਰੁੱਧ ਸਾਨੂੰ ਦ੍ਰਿੜ ਸੰਕਲਪ ਹੋ ਕੇ ਖੜ੍ਹਾ ਹੋਣਾ ਪਏਗਾ। ਆਪਣੀ ਅਜ਼ਾਦੀ ਦੀ ਰੱਖਿਆ ਆਪਣੇ ਲਹੂ ਦੀ ਆਖਰੀ ਬੂੰਦ ਤੱਕ ਕਰਨ ਲਈ ਸਾਨੂੰ ਦ੍ਰਿੜ ਸੰਕਲਪ*



www.punjabibookspdf.com

*ਹੋਣਾ ਪਏਗਾ। (ਖੁਸ਼ੀ ਦੀ ਅਵਾਜ਼)। 26 ਜਨਵਰੀ 1950 ਨੂੰ ਭਾਰਤ ਇੱਕ ਜਮਹੂਰੀ ਮੁਲਕ ਹੋ ਜਾਏਗਾ, ਇਸ ਨਜ਼ਰੇ ਕਿ ਇਸ ਦਿਨ ਤੋਂ ਭਾਰਤ 'ਚ ਇਕ ਅਜਿਹੀ ਸੱਤ੍ਹਾ ਹੋਵੇਗੀ ਜਿਹੜੀ ਲੋਕਾਂ ਦੀ ਹੋਵੇਗੀ, ਲੋਕਾਂ ਰਾਹੀਂ ਹੋਵੇਗੀ ਅਤੇ ਲੋਕਾਂ ਲਈ ਹੋਵੇਗੀ। ਮੇਰੇ ਦਿਮਾਗ 'ਚ ਇਹੀ ਵਿਚਾਰ ਆਉਂਦਾ ਹੈ। ਇਸਦੇ ਜਮਹੂਰੀ ਸੰਵਿਧਾਨ ਦਾ ਕੀ ਹੋਵੇਗਾ ? ਕੀ ਇਹ ਇਸਨੂੰ ਬਚਾਈ ਰੱਖਣਗੇ ਜਾਂ ਮੁੜ ਇਸ ਨੂੰ ਗੁਆ ਦੇਣਗੇ ? ਇਹ ਦੂਜਾ ਵਿਚਾਰ ਹੈ ਜਿਹੜਾ ਮੇਰੇ ਦਿਮਾਗ 'ਚ ਆਉਂਦਾ ਹੈ ਅਤੇ ਪਹਿਲੇ ਵਿਚਾਰ ਵਾਂਗੂੰ ਇਹ ਵੀ ਮੈਨੂੰ ਚਿੰਤਤ ਕਰ ਦਿੰਦਾ ਹੈ"* (ਪੰਨਾ 1214)

ਇਸ ਮਗਰੋਂ, ਅੰਬੇਡਕਰ ਨੇ ਕੁਝ ਸਮੇਂ ਤੱਕ ਬੌਧ ਜਮੂਹਰੀਅਤ ਅਤੇ ਹਿੰਦੂ ਰਾਜਿਆਂ ਦੇ ਲੋਕਤੰਤਰ ਦੀ ਤਾਰੀਫ਼ ਕੀਤੀ।

ਕੀ ਉਹਨਾਂ ਹਿੰਦੂ ਸੂਬਿਆਂ 'ਚ ਜਾਤ ਦੇ ਪਾੜਿਆਂ ਨੂੰ ਦੇਖਿਆ ਨਹੀਂ ਗਿਆ ? ਅੰਬੇਡਕਰ ਨੂੰ ਇਸ ਬਾਰੇ ਸੰਦੇਹ ਸੀ ਕਿ ਭਾਰਤ ਆਪਣੀ ਅਜ਼ਾਦੀ ਬਚਾ ਸਕੇਗਾ ਜਾਂ ਗੁਆ ਦੇਵੇਗਾ। ਉਹਨਾਂ ਦੇ ਦਿਮਾਗ 'ਚ ਇਹ ਸ਼ੱਕ ਕਿਉਂ ਨਹੀਂ ਉਤਪੰਨ ਹੋਇਆ ਕਿ 'ਰਾਜਸ਼ਾਹੀ ਤਹਿਤ ਲੋਕਤੰਤਰ ਦਾ ਕੀ ਅਰਥ ਹੁੰਦਾ ਹੈ ? 'ਇਹ ਕੀ, ਅੰਬੇਡਕਰ ਦੀ ਨਜ਼ਰ 'ਚ ਹਿੰਦੂ ਰਾਜੇ ਹੁਣ ਇੰਨੇ ਪਿਆਰੇ ਕਿਉਂ ਹੋ ਗਏ ?

ਅੰਬੇਡਕਰ ਨੇ ਖਰੜਾ ਕਮੇਟੀ ਦੇ ਪ੍ਰਧਾਨ ਦੀ ਹੈਸਿਅਤ ਨਾਲ਼ ਇੱਕ ਨਾ ਦੱਸੇ ਜਾਣ ਵਾਲ਼ੇ ਦਰਦ ਦਾ ਪ੍ਰਗਟਾਵਾ ਕੀਤਾ। ਇੱਥੇ ਫਿਰ ਇੱਕ ਵਾਰੀ ਅੰਬੇਡਕਰ ਇਹ ਸੋਚ ਕੇ ਚਿੰਤਤ ਹੋ ਉੱਠਦੇ ਹਨ ਕਿ ਖਰੜਾ ਕਮੇਟੀ ਨੇ ਜਿਸ ਸੰਵਿਧਾਨ ਨੂੰ ਅੰਤਮ ਰੂਪ ਦਿੱਤਾ, ਉਸ ਨਾਲ਼ ਹਾਸਲ ਲੋਕਤੰਤਰ ਇਹ ਮੁਲਕ ਕਿਤੇ ਫਿਰ ਨਾ ਗੁਆ ਬੈਠੇ।

ਜ਼ਰਾ ਦੇਖੋ, ਅੰਬੇਡਕਰ ਦੀ ਸਾਰੀ ਚਿੰਤਾ ਉਸ ਵਿਸ਼ਾਲ ਲੋਕਤੰਤਰ ਬਾਰੇ ਹੈ ਜਿਹੜਾ ਅਜਿਹੇ ਮੈਂਬਰਾਂ ਰਾਹੀਂ ਸੂਤਰਬੱਧ ਕੀਤਾ ਗਿਆ ਜਿਹੜੇ ਅਜਿਹੀ ਚੋਣ ਪ੍ਰਕ੍ਰਿਆ ਤੋਂ ਹੋ ਕੇ ਚੁਣੇ ਗਏ ਸਨ ਜਿਸ 'ਚ ਤਿੰਨ-ਚੌਥਾਈ ਲੋਕਾਂ ਨੂੰ ਵੋਟ ਦਾ ਹੱਕ ਵੀ ਨਹੀਂ ਸੀ ਅਤੇ ਅਜਿਹੇ ਜਗੀਰੂ ਰਾਜਿਆਂ ਰਾਹੀਂ ਸੂਤਰਬੱਧ ਕੀਤਾ ਗਿਆ ਸੀ ਜਿਹਨਾਂ ਨੇ ਅਜਿਹੀਆਂ ਸੰਕੇਤਕ ਚੋਣਾਂ ਦਾ ਵੀ ਸਾਹਮਣਾ ਨਹੀਂ ਕੀਤਾ!

ਉਹਨਾਂ ਨੇ ਸਵਾਲ ਉਠਾਇਆ ਕਿ 'ਇਸ ਲੋਕਤੰਤਰ ਨੂੰ ਕਿਵੇਂ ਬਚਾ ਕੇ ਰੱਖਿਆ ਜਾਵੇ ?' ਅਤੇ ਉਹਨਾਂ ਨੇ ਖੁਦ ਹੀ ਇਸਦਾ ਜਵਾਬ ਦਿੱਤਾ ਕਿ, 'ਸਾਨੂੰ ਸੰਵਿਧਾਨਕ ਤਰੀਕਿਆਂ 'ਤੇ ਦ੍ਰਿੜ ਰਹਿਣਾ ਚਾਹੀਦਾ ਹੈ'। ਉਹਨਾਂ ਦਾ ਕਹਿਣਾ ਸੀ ਕਿ "ਸਾਨੂੰ ਇਨਕਲਾਬ ਦੇ ਬੇਕਾਰ ਤਰੀਕਿਆਂ ਨੂੰ ਛੱਡਣਾ ਪਵੇਗਾ"।

(ਇਹਨਾਂ ਸਾਰੇ ਵਿਅਕਤੀਆਂ ਕੋਲ਼ ਸੰਵਿਧਾਨ ਸਭਾ ਦੀ ਮੈਂਬਰਸ਼ਿਪ ਹੈ। ਕੁਝ ਨੂੰ ਮੰਤਰੀ ਦੇ ਅਹੁੱਦਾ ਅਤੇ ਇਸ ਤੋਂ ਵੀ ਵੱਡਾ ਅਹੁੱਦਾ ਹਾਸਲ ਹੈ। ਇਹ ਗੱਲ ਕਰਨ ਦਾ ਕੋਈ ਮਤਲਬ ਨਹੀਂ ਕਿ ਉਹਨਾਂ ਕੋਲ ਕਿੰਨੀ ਜਮੀਨ-ਜਾਇਦਾਦ ਹੈ। ਤਾਂ ਫਿਰ ਇਹਨਾਂ ਸਾਹਬ ਲੋਕਾਂ ਦਾ ਇਨਕਲਾਬ ਨਾਲ਼ ਕੀ ਵਾਸਤਾ ? ਇਸ ਲਈ ਕੋਈ 'ਇਨਕਲਾਬ' ਨਾ ਹੋਣ



www.punjabibookspdf.com

ਦਿਉ!)

ਉਹਨਾਂ ਦਾ ਅਗਾਂਹ ਇਹ ਵੀ ਕਹਿਣਾ ਸੀ ਕਿ ਸਿਵਿਲ ਨਾ-ਫੁਰਮਾਨੀ ਅਤੇ ਅਸਹਿਯੋਗ ਅਤੇ ਸੱਤਿਆਗ੍ਰਹਿ ਜਿਹੇ ਅਰਾਜਕ ਤਰੀਕਿਆਂ ਨੂੰ ਜਿੰਨੀ ਜਲਦੀ ਹੋ ਸਕੇ ਛੱਡ ਦੇਣਾ ਉੱਤਮ ਹੋਵੇਗਾ।

ਕੋਈ ਇਨਕਲਾਬ ਨਹੀਂ! ਕੋਈ ਸੱਤਿਆਗ੍ਰਹਿ ਨਹੀਂ! ਹਰੇਕ ਵਿਅਕਤੀ ਨੂੰ ਕਾਨੂੰਨ ਅਨੁਸਾਰ ਚੱਲਣਾ ਚਾਹੀਦਾ ਹੈ, ਸੰਵਿਧਾਨ 'ਚ ਨਿਹਿਤ ਕਾਨੂੰਨ ਅਨੁਸਾਰ, ਕਿਉਂਕਿ ਉਹਨਾਂ ਨੇ ਅਤੇ ਦੂਜੇ ਮੈਂਬਰਾਂ ਨੇ ਅਜਿਹਾ ਸੰਵਿਧਾਨ ਜੋ ਦਿੱਤਾ ਹੈ। ਇਸਦੀ ਉਲੰਘਣਾ ਨਾ ਕਰੋ!

ਇਸਦਾ ਅਰਥ ਇਹ ਹੁੰਦਾ ਹੈ ਕਿ ਦਲਿਤਾਂ ਨੂੰ ਰਾਜ ਵਿਰੁੱਧ ਕਿਸੇ ਐਜ਼ੀਟੇਸ਼ਨ ਅਤੇ ਸੰਘਰਸ਼ ਦੇ ਕਿਸੇ ਪ੍ਰੋਗਰਾਮ ਦੀ ਲੋੜ ਨਹੀਂ ਹੈ! ਉਹਨਾਂ ਦੇ ਕਰਨ ਨੂੰ ਜੋ ਕੁਝ ਹੈ ਉਹ ਹੈ ਸੰਵਿਧਾਨ ਦੀ ਸੇਵਾ! ਅਰਥਾਤ ਧਨਾਢ ਲੋਕਾਂ ਦੀ ਸੇਵਾ।

ਅੰਬੇਡਕਰ ਦਾ ਭਾਸ਼ਣ ਅੱਗੇ ਵੀ ਚੱਲਿਆ ਜਿਹੜਾ ਇਸ ਤਰ੍ਹਾ ਹੈ —

> *"ਸਮਾਜਿਕ ਧਰਾਤਲ 'ਤੇ, ਭਾਰਤ 'ਚ ਇੱਕ ਅਜਿਹਾ ਸਮਾਜ ਹੈ ਜਿਹੜਾ ਕ੍ਰਮਵਾਰ ਨਾਬਰਾਬਰੀ ਦੇ ਸਿਧਾਂਤ 'ਤੇ ਅਧਾਰਿਤ ਹੈ ਜਿਸਦਾ ਇਹ ਅਰਥ ਹੈ ਕਿ ਕੁਝ ਲਈ ਇੱਜ਼ਤ ਅਤੇ ਦੂਜਿਆਂ ਲਈ ਬੇਇੱਜ਼ਤੀ। ਆਰਥਿਕ ਧਰਾਤਲ 'ਤੇ, ਸਾਡੇ ਕੋਲ਼ ਇੱਕ ਅਜਿਹਾ ਸਮਾਜ ਹੈ ਜਿਸ 'ਚ ਥੋੜ੍ਹੇ ਜਿਹੇ ਲੋਕਾਂ ਕੋਲ਼ ਜਿੱਥੇ ਅਥਾਹ ਸੰਪੱਤੀ ਹੈ, ਉੱਥੇ ਬਹੁਗਿਣਤੀ ਲੋਕ ਨਰਕੀ ਕੰਗਾਲੀ 'ਚ ਜੀਅ ਰਹੇ ਹਨ"* (ਪੰਨਾ 1216)।

ਅੰਬੇਡਕਰ ਸਾਹਬ, ਨਰਕੀ ਕੰਗਾਲੀ ਵਾਲ਼ੇ ਇਹ ਲੋਕ ਉਸ ਸਿਆਸੀ ਬਰਾਬਰੀ ('ਕਾਨੂੰਨ ਮੂਹਰੇ ਸਭ ਬਰਾਬਰ ਹਨ।') ਦਾ ਕੀ ਕਰਨਗੇ ਜਿਸ ਦਾ ਤੁਸੀਂ ਸਾਰਿਆਂ ਨੇ ਸੰਵਿਧਾਨ ਦੇ ਪੰਨਿਆਂ 'ਚ ਐਲਾਨ ਕੀਤਾ ਹੈ।

ਸੰਵਿਧਾਨ ਸਭਾ 'ਚ ਜਿਹੜੇ ਜਗੀਰੂ ਰਾਜੇ, ਸਰਮਾਏਦਾਰ ਅਤੇ ਸਿਆਸੀ ਲੀਡਰ ਬੈਠੇ ਸਨ, ਉਹਨਾਂ ਨੂੰ ਅੰਬੇਡਕਰ ਦਾ ਉਪਦੇਸ਼ —

> *"ਅਸੀਂ ਵਿਰੋਧਤਾਈਆਂ ਭਰੇ ਜੀਵਨ 'ਚ ਕਦੋਂ ਤੱਕ ਬਣੇ ਰਹਾਂਗੇ? ਆਪਣੇ ਸਮਾਜਿਕ ਅਤੇ ਆਰਥਿਕ ਜੀਵਨ 'ਚ ਬਰਾਬਰੀ ਤੋਂ ਕਦ ਤੱਕ ਮੂੰਹ ਲੁਕਾਉਂਦੇ ਰਹਾਂਗੇ? ਜੇਕਰ ਅਸੀਂ ਲੰਮੇ ਅਰਸੇ ਤੱਕ ਇਸ ਤੋਂ ਮੂੰਹ ਲੁਕਾਉਂਦੇ ਰਹੇ ਤਾਂ ਸਾਡਾ ਸਿਆਸੀ ਲੋਕਤੰਤਰ ਖ਼ਤਰੇ 'ਚ ਪੈ ਜਾਵੇਗਾ। ਸਾਨੂੰ ਜਿੰਨੀ ਜਲਦੀ ਹੋ ਸਕੇ ਇਸ ਵਿਰੋਧਤਾਈ ਨੂੰ ਖਤਮ ਕਰਨਾ ਹੋਵੇਗਾ ਨਹੀਂ ਤਾਂ ਜਿਹੜੇ ਲੋਕ ਨਾਬਰਾਬਰੀ ਨਾਲ਼ ਪੀੜਤ ਹਨ ਉਹ ਸਿਆਸੀ ਲੋਕਤੰਤਰ ਦੇ ਇਸ ਪ੍ਰਬੰਧ ਨੂੰ ਉਖਾੜ ਸੁੱਟਣਗੇ ਜਿਸ ਨੂੰ ਇਸ ਸਭਾ ਨੇ ਇੰਨੀ ਮਿਹਨਤ ਨਾਲ਼ ਉਸਾਰਿਆ ਹੈ...। ਇਹ ਦੱਬੀਆਂ-ਕੁਚਲੀਆਂ ਜਮਾਤਾਂ ਮਹਿਕੂਮ ਹੁੰਦੇ-ਹੁੰਦੇ ਥੱਕ ਚੁੱਕੀਆਂ ਹਨ, ਇਹ ਖੁਦਮੁਖਤਿਆਰ ਬਣਨਾ ਚਾਹੁੰਦੀਆਂ ਹਨ। ਦਬੀਆਂ-ਕੁਚਲੀਆਂ ਜਮਾਤਾਂ 'ਚ ਇਸ ਭਾਵਨਾ ਨਾਲ਼ ਪ੍ਰੇਰਿਤ ਕਿਸੇ ਵੀ ਜਮਾਤੀ ਸੰਘਰਸ਼ ਜਾਂ*



www.punjabibookspdf.com

*ਜਮਾਤੀ ਜੰਗ ਨੂੰ ਪਨਪਣ ਤੋਂ ਰੋਕਣਾ ਹੋਵੇਗਾ। (ਕਿਉਂਕਿ) ਇਸ ਨਾਲ਼ ਸਦਨ 'ਚ ਵੰਡ ਹੋਵੇਗੀ । ਇਹ ਜਰੂਰ ਹੀ ਸੰਕਟ ਦੀ ਘੜੀ ਹੋਵੇਗੀ। ਕਿਉਂਕਿ, ਜਿਵੇਂ ਕਿ ਅਬਰਾਹਿਮ ਲਿੰਕਨ ਦਾ ਕਹਿਣਾ ਠੀਕ ਹੀ ਹੈ, ਵੰਡਿਆ ਸਦਨ ਜਿਆਦਾ ਦਿਨਾਂ ਤੱਕ ਨਹੀਂ ਚੱਲ ਸਕਦਾ ਹੈ। ਇਸ ਲਈ ਜਿੰਨੀ ਜਲਦੀ ਉਹਨਾਂ ਦੀ ਇੱਛਾ ਦੇ ਮੁਕੰਮਲ ਹੋਣ ਦੀ ਗੁੰਜਾਇਸ਼ ਬਣੇਗੀ ਓਨੀ ਜਲਦੀ ਘੱਟ ਗਿਣਤੀਆਂ ਲਈ ਚੰਗਾ ਹੋਵੇਗਾ, ਦੇਸ਼ ਲਈ ਚੰਗਾ ਹੋਵੇਗਾ, ਇਸਦੀ ਅਜ਼ਾਦੀ ਨੂੰ ਬਣਾਈ ਰੱਖਣ ਲਈ ਚੰਗਾ ਹੋਵੇਗਾ ਅਤੇ ਇਸਦੇ ਜਮਹੂਰੀ ਪ੍ਰਬੰਧ ਨੂੰ ਕਾਇਮ ਰੱਖਣ ਲਈ ਚੰਗਾ ਹੋਵੇਗਾ। ਇਹ ਤਦ ਹੋ ਸਕਦਾ ਹੈ ਜਦੋਂ ਜੀਵਨ ਦੇ ਹਰ ਖੇਤਰ 'ਚ ਬਰਾਬਰੀ ਅਤੇ ਭਾਈਚਾਰੇ ਦੀ ਸ਼ੁਰੂਆਤ ਹੋਵੇ।"* (ਪੰਨਾ 1216–1218)

ਅੰਬੇਡਕਰ ਦਾ ਭਾਸ਼ਣ ਅਜੇ ਮੁੱਕਿਆ ਨਹੀਂ ਹੈ। ਇਹ ਤਾਂ ਸਪੱਸ਼ਟ ਹੈ ਕਿ ਅੰਬੇਡਕਰ ਨੇ ਸੰਵਿਧਾਨ ਸਭਾ 'ਚ ਕਿਸ ਗੱਲ 'ਤੇ ਜ਼ੋਰ ਦਿੱਤਾ ਹੈ, ਜਾਂ ਕਿ ਨਹੀਂ ? ਅੰਬੇਡਕਰ ਸੰਵਿਧਾਨ ਸਭਾ ਨੂੰ ਚੇਤਾਵਨੀ ਦੇ ਰਹੇ ਹਨ ਕਿਉਂਕਿ ਮੁਲਕ ਦੇ ਬਹੁਗਿਣਤੀ ਲੋਕ 'ਨਰਕੀ ਕੰਗਾਲੀ' 'ਚ ਜੀਅ ਰਹੇ ਹਨ, ਸਰਕਾਰ ਨੂੰ ਆਰਥਿਕ ਅਤੇ ਸਮਾਜਿਕ ਬਰਾਬਰੀ ਦੀ ਸ਼ੁਰੂਆਤ ਕਰਨੀ ਚਾਹੀਦੀ ਹੈ ਅਤੇ ਜੇਕਰ ਅਜਿਹਾ ਨਹੀਂ ਹੋਇਆ ਤਾਂ ਲੋਕ ਜਮਾਤੀ ਸੰਘਰਸ਼ਾਂ ਦਾ ਸਹਾਰਾ ਲੈ ਲੈਣਗੇ ਅਤੇ ਸਾਨੂੰ ਅਜਿਹਾ ਨਹੀਂ ਹੋਣ ਦੇਣਾ ਚਾਹੀਦਾ।

ਠੀਕ ਹੈ, ਪਰ ਦੱਬੀਆਂ–ਕੁਚਲੀਆਂ ਜਮਾਤਾਂ ਲਈ ਸੰਵਿਧਾਨ ਸਭਾ ਨੂੰ ਕੀ ਕਰਨਾ ਚਾਹੀਦਾ ਹੈ ? ਅਤੇ ਅੰਬੇਡਕਰ ਦੀ ਨੀਅਤ ਕੀ ਹੈ ? ਕੀ ਭਾਰਤ ਦੇ ਸਾਰੇ ਧਨਾਢਾਂ ਨੂੰ ਆਪਣੀ ਸੰਪੱਤੀ ਗਰੀਬਾਂ 'ਚ ਵੰਡ ਦੇਣੀ ਚਾਹੀਦੀ ਹੈ ? ਸੰਵਿਧਾਨ 'ਚ ਤਾਂ ਇਹ ਹੈ ਨਹੀਂ। ਬਿਨਾਂ ਹਰਜਾਨਾ ਚੁੱਕੇ ਆਪਣੀ ਸੰਪੱਤੀ ਛੱਡ ਦੇਣ, ਉਹਨਾਂ ਤੋਂ ਇਸਦੀ ਉਮੀਦ ਨਹੀਂ ਹੈ। ਚਲੋ ਠੀਕ ਹੈ ! ਤਾਂ ਕੀ ਹਰੇਕ ਵਿਅਕਤੀ ਨੂੰ ਕਿਰਤ ਵੰਡ ਦੀ ਸ਼ੁਰੂਆਤ ਕਰ ਦੇਣੀ ਚਾਹੀਦੀ ਹੈ ? ਇਹ ਵੀ ਸੰਵਿਧਾਨ 'ਚ ਨਹੀਂ ਹੈ। ਹੋਰ ਤਾਂ ਹੋਰ, ਇਹ ਤਾਂ ਅਜਿਹੀ ਗੱਲ ਹੈ ਜਿਸਨੂੰ ਅੰਬੇਡਕਰ ਬਿਲਕੁਲ ਵੀ ਪਸੰਦ ਨਹੀਂ ਕਰਦੇ ਹਨ। ਫਿਰ ਆਰਥਿਕ ਅਤੇ ਸਮਾਜਿਕ ਬਰਾਬਰੀ ਲਈ ਸੰਵਿਧਾਨ ਸਭਾ ਨੂੰ ਕੀ ਕਰਨਾ ਚਾਹੀਦਾ ਹੈ ? ਇਹਨਾਂ ਵਿਰੋਧਤਾਈਆਂ ਨੂੰ ਕਿਵੇਂ ਖਤਮ ਕੀਤਾ ਜਾ ਸਕਦਾ ਹੈ ? ਅੰਬੇਡਕਰ ਨੇ ਸੰਵਿਧਾਨ ਸਭਾ ਦੇ ਮੈਂਬਰਾਂ ਨੂੰ ਇਸ ਤਰ੍ਹਾਂ ਦਾ ਕੋਈ ਸੁਝਾਅ ਨਹੀਂ ਦਿੱਤਾ ਜਿਵੇਂ ਕਿ, 'ਆਪਣੇ ਸੰਪਤੀ ਹੱਕ ਤਿਆਗ ਦਿਉ', ਜਾਂ 'ਸਾਰੇ ਵਿਅਕਤੀਆਂ ਨੂੰ ਕਿਰਤ ਕਰਨੀ ਚਾਹੀਦੀ ਹੈ' ਆਦਿ।

ਜੇਕਰ ਹੋਰ ਕੁਝ ਨਹੀਂ, ਤਾਂ ਕੀ ਉਹਨਾਂ ਨੇ ਲੋਕਾਂ ਨੂੰ ਕੋਈ ਰਾਹ ਦੱਸਿਆ ? ਬਿਲਕੁਲ ਨਹੀਂ। ਅੰਬੇਡਕਰ ਦੀ ਫਿਲਾਸਫੀ ਅਨੁਸਾਰ ਲੋਕਾਂ ਨੂੰ ਆਪਣੇ ਲਈ ਕੁਝ ਨਹੀਂ ਕਰਨਾ ਹੋਵੇਗਾ ਭਾਵੇਂ ਉਹਨਾਂ ਨੂੰ ਨਰਕੀ ਕੰਗਾਲੀ 'ਚ ਕਿਉਂ ਨਾ ਰਹਿਣਾ ਪਏ। ਉਹਨਾਂ ਨੂੰ ਕਿਸੇ ਵੀ ਰੂਪ 'ਚ 'ਜਮਾਤੀ–ਸੰਘਰਸ਼' ਦਾ ਸਹਾਰਾ ਨਹੀਂ ਲੈਣਾ ਚਾਹੀਦਾ ਹੈ। ਨਾ ਹੀ ਉਹਨਾਂ ਨੂੰ *ਸੱਤਿਆਗ੍ਰਹਿ* ਦਾ ਸਹਾਰਾ ਲੈਣਾ ਚਾਹੀਦਾ ਹੈ। ਸਭ ਨੂੰ ਸੰਵਿਧਾਨ 'ਚ ਵਰਣਿਤ ਨਿਯਮ–



www.punjabibookspdf.com

ਕਾਨੂੰਨਾਂ ਦਾ ਪਾਲਣ ਕਰਨਾ ਚਾਹੀਦਾ ਹੈ! ਇਹ ਉਹਨਾਂ ਮਾਲਕਾਂ ਦੀ ਜਮਾਤ ਹੈ ਜਿਸਨੇ ਨਿਯਮ-ਕਾਨੂੰਨ ਬਣਾਇਆ! ਉਹਨਾਂ ਦਾ ਕਾਨੂੰਨ ਕਿਰਤੀਆਂ ਨੂੰ ਇਹ ਕਹਿੰਦਾ ਹੈ ਕਿ ਆਪਣੇ ਮਾਲਕਾਂ ਦੇ ਧਨ 'ਤੇ ਅੱਖ ਨਾ ਰੱਖੋ। ਤਾਂ ਲੋਕ ਨਰਕੀ ਕੰਗਾਲੀ ਤੋਂ ਛੁਟਕਾਰਾ ਕਿਵੇਂ ਪਾ ਸਕਣਗੇ ? ਅੰਬੇਡਕਰ ਨੇ ਇਸ ਸਮੱਸਿਆ ਦਾ ਕੋਈ ਹੱਲ ਨਹੀਂ ਸੁਝਾਇਆ।

ਮਤਲਬ ਇਹ ਹੈ ਕਿ, ਗਰੀਬੀ ਤੋਂ ਛੁਟਕਾਰਾ ਪਾਉਣ ਲਈ ਲੋਕ ਕੁਝ ਨਾ ਕਰਨ, ਸੰਵਿਧਾਨ ਸਭਾ ਨੂੰ ਕੁਝ ਨਹੀਂ ਕਰਨਾ ਹੈ ਅਤੇ ਅੰਬੇਡਕਰ ਨੇ ਵੀ ਕੁਝ ਨਹੀਂ ਕਰਨਾ ਹੈ! (ਫਿਰ ਤਾਂ ਰੱਬ ਦਾ ਹੀ ਭਰੋਸਾ ਰਹਿ ਜਾਂਦਾ ਹੈ! ਸਾਨੂੰ ਤਲਾਸ਼ਣਾ ਹੋਵੇਗਾ ਕਿ ਉਹ ਕਿੱਧਰ ਹੈ! )

ਜਿਹੜੇ ਵੀ ਵਿਅਕਤੀ ਲੋਕਾਂ ਦੀ ਗਰੀਬੀ ਤੋਂ ਅਸਲ 'ਚ ਦੁੱਖੀ ਹੁੰਦੇ ਹੋਣਗੇ, ਉਹ ਗਰੀਬੀ ਦੇ ਕਾਰਨਾਂ ਨੂੰ ਤਲਾਸ਼ਣ ਦਾ ਯਤਨ ਕਰਨਗੇ। ਉਹ ਜਿਵੇਂ ਹੀ ਕਿਰਤ ਦੀ ਲੁੱਟ ਬਾਰੇ ਸੁਣਨਗੇ, ਇਸ ਨਾਲ਼ ਤੁਰੰਤ ਸਹਿਮਤ ਹੋ ਜਾਣਗੇ। ਉਹਨਾਂ ਨੂੰ ਇਸ ਗੱਲ ਦਾ ਗਿਆਨ ਹੋ ਜਾਵੇਗਾ ਕਿ ਮਾਲਕਾਂ ਦੀ ਜਮਾਤ ਦੇ ਹੱਥਾਂ ਵਿਚਲੇ ਉਤਪਾਦਨ ਦੇ ਸਾਧਨਾਂ ਨੂੰ ਬਿਨਾਂ ਮੁਆਵਜਾ ਜ਼ਬਤ ਕਰ ਲੈਣਾ ਹੀ ਸਟੀਕ ਹੱਲ ਹੈ। ਇਹ ਗਿਆਨ ਹੋਵੇ ਕਿ ਉਹ ਲੋਕਾਂ ਨੂੰ ਜਮਾਤੀ ਸੰਘਰਸ਼ ਦਾ ਮਕਸਦ ਦੱਸਣਾ ਸ਼ੁਰੂ ਕਰ ਦੇਣਗੇ। ਪਰ ਅੰਬੇਡਕਰ ਇਸਦਾ ਮੁਕੰਮਲ ਤੌਰ 'ਤੇ ਵਿਰੋਧ ਕਰਦੇ ਹਨ। ਉਹਨਾਂ ਨੇ ਕਿਤੇ ਵੀ ਮਾਲਕਾਂ ਦੇ ਸੰਪੱਤੀ ਹੱਕਾਂ ਵਿਰੁੱਧ ਸੰਘਰਸ਼ ਦਾ ਸਮਰਥਨ ਨਹੀਂ ਕੀਤਾ। ਸਿਰਫ਼ ਇੰਨਾ ਹੀ ਨਹੀਂ ਕਿ ਉਹਨਾਂ ਨੇ ਸਮਰਥਨ ਨਹੀਂ ਕੀਤਾ, ਸਗੋਂ ਉਹਨਾਂ ਨੇ ਕਦਮ-ਕਦਮ 'ਤੇ ਇਸਦਾ ਵਿਰੋਧ ਕੀਤਾ। ਉਹਨਾਂ ਨੇ ਲੋਕਾਂ ਨੂੰ ਵਾਰੀ-ਵਾਰੀ ਇਹੀ ਉਪਦੇਸ਼ ਦਿੱਤਾ ਹੈ ਕਿ ਗਰੀਬਾਂ ਲਈ ਸਭ ਤੋਂ ਉੱਤਮ ਰਾਹ ਇਹੀ ਹੈ ਕਿ ਉਹ ਸੰਵਿਧਾਨ ਦੀ ਪਾਲਣਾ ਕਰਨ ਅਤੇ ਕਾਨੂੰਨ ਖਿਲਾਫ ਸਰਗਰਮੀ ਨਾ ਕਰਨ। ਜਦੋਂ ਕਿ ਧਨਾਢ ਜਮਾਤਾਂ ਨੂੰ ਉਹਨਾਂ ਨੇ ਸੰਵਿਧਾਨ ਸਭਾ 'ਚ ਇਸ ਗੱਲ ਲਈ ਸੁਚੇਤ ਕੀਤਾ ਕਿ *'ਦੱਬੀਆਂ-ਕੁਚਲੀਆਂ ਜਮਾਤਾਂ ਦੇ ਲੋਕ ਜਮਾਤੀ-ਸੰਘਰਸ਼ ਦਾ ਰਾਹ ਅਪਣਾ ਸਕਦੇ ਹਨ! ਤੁਹਾਨੂੰ ਅਜਿਹਾ ਨਹੀਂ ਹੋਣ ਦੇਣਾ ਚਾਹੀਦਾ!'*

ਪਰ ਅੰਬੇਦਕਰ ਨੂੰ ਕੁਝ ਝਿਜਕ ਅਤੇ ਨਿਰਾਸ਼ਾ ਹੋ ਰਹੀ ਸੀ, ਭਾਵੇਂ ਸੰਵਿਧਾਨ ਸਭਾ 'ਚ ਸੰਪੱਤੀ ਮਾਲਕਾਂ ਦਰਮਿਆਨ ਖੜ੍ਹੇ ਹੋ ਕੇ ਉਹ ਆਤਮ ਵਿਸ਼ਵਾਸ ਨਾਲ਼ ਬੋਲ ਰਹੇ ਸਨ। ਉਹਨਾਂ ਨੂੰ ਇਹ ਜਾਣ ਕੇ ਹੈਰਾਨੀ ਹੋਈ ਕਿ 'ਸਮਾਂ ਤੇਜ਼ੀ ਨਾਲ਼ ਬਦਲ ਰਿਹਾ ਹੈ'।

ਉਹਨਾਂ ਦਾ ਕਹਿਣਾ ਸੀ —

> *"ਸਮਾਂ ਤੇਜ਼ੀ ਨਾਲ਼ ਬਦਲ ਰਿਹਾ ਹੈ। ਆਮ ਲੋਕ, ਜਿਸ 'ਚ ਸਾਡੇ ਆਪਣੇ ਵੀ ਸ਼ਾਮਲ ਹਨ, ਨਵੇਂ ਵਿਚਾਰਾਂ ਵੱਲ ਜਾ ਰਹੇ ਹ ਨ ' '*
> (ਪੰਨਾ 1218)

ਕਹਿਣ ਦਾ ਭਾਵ ਇਹ ਹੈ ਕਿ ਸਿਰਫ਼ ਵਿਦੇਸ਼ਾ 'ਚ ਹੀ ਨਹੀਂ ਸਗੋਂ ਆਪਣੇ ਦੇਸ਼ 'ਚ ਵੀ ਲੋਕ ਮਾਰਕਸਵਾਦ ਤੋਂ ਪ੍ਰਭਾਵਿਤ ਹੋ ਰਹੇ ਹਨ!

ਹੁਣ ਭਾਸ਼ਣ ਦੇ ਅੰਤਿਮ ਵਾਕ —

> *"....ਅਸੀਂ ਇਹ ਸੰਕਲਪ ਲਈਏ ਕਿ ਅਸੀਂ ਉਹਨਾਂ ਬੁਰਾਈਆਂ ਨੂੰ ਪਛਾਨਣ*



www.punjabibookspdf.com

*'ਚ ਸੁਸਤ ਨਾ ਹੋਈਏ ਜਿਹੜੀਆਂ ਸਾਡੇ ਰਾਹ 'ਚ ਰੁਕਾਵਟ ਬਣ ਕੇ ਖੜ੍ਹੀਆਂ ਹਨ ਅਤੇ ਜਿਹੜੀਆਂ ਲੋਕਾਂ ਨੂੰ 'ਲੋਕਾਂ ਦੁਆਰਾ ਸਰਕਾਰ' ਦੇ ਮੁਕਾਬਲੇ 'ਲੋਕਾਂ ਲਈ ਸਰਕਾਰ' ਨੂੰ ਪ੍ਰਮੁੱਖਤਾ ਦੇਣ ਲਈ ਪ੍ਰੇਰਿਤ ਕਰਦੀਆਂ ਹਨ, ਨਾ ਹੀ ਉਹਨਾਂ ਨੂੰ ਰਾਹ 'ਚੋਂ ਹਟਾਉਣ ਦੇ ਆਪਣੇ ਯਤਨ 'ਚ ਅਸੀਂ ਕਮਜ਼ੋਰ ਹੋਈਏ। ਦੇਸ਼ ਦੀ ਸੇਵਾ ਕਰਨ ਦਾ ਇਹੀ ਮਹਿਜ਼ ਇੱਕ ਰਾਹ ਹੈ। ਜੇਕਰ ਇਸ ਨਾਲ਼ੋਂ ਵੀ ਉੱਤਮ ਕੋਈ ਰਾਹ ਹੈ ਤਾਂ ਮੈਨੂੰ ਉਸਦਾ ਗਿਆਨ ਨਹੀਂ ਹੈ''* (ਪੰਨਾ 1218)।

ਸਾਰੇ ਭਾਸ਼ਣ 'ਚ ਸਿਰਫ਼ ਅੰਤਮ ਵਾਕ ਸੁੰਦਰ ਹਨ!

ਇਹ ਵਾਕ ਮੁਕੰਮਲ ਤੌਰ 'ਤੇ ਸੱਚ ਹਨ!

ਅੰਬੇਡਕਰ ਨੂੰ ਅਸਲ 'ਚ ਇਸ ਤੋਂ ਉੱਤਮ ਕੁੱਝ ਵੀ ਗਿਆਨ ਨਹੀਂ ਹੈ। ਜੇਕਰ ਉਹਨਾਂ ਦੇ ਵਿਚਾਰ ਕੁਝ ਚੰਗੇ ਰਹੇ ਹੁੰਦੇ ਤਾਂ ਅੰਬੇਡਕਰ ਦਾ ਇਤਿਹਾਸ ਅਤੇ ਦਲਿਤਾਂ ਦੇ ਸੰਘਰਸ਼ਾਂ ਦਾ ਇਤਿਹਾਸ ਅੱਜ ਕਿਤੇ ਹੋਰ ਉੱਤਮ ਰਹਿੰਦਾ।

ਜੇਕਰ ਅੰਬੇਡਕਰ ਇਹ ਜਾਣਦੇ ਹੁੰਦੇ ਕਿ ਦਲਿਤਾਂ ਦਾ ਭਲ਼ਾ ਅਤੇ ਸੰਵਿਧਾਨ ਸਭਾ ਦੀ ਮੈਂਬਰਸ਼ਿਪ 'ਚ ਇੱਕਰੂਪਤਾ ਨਹੀਂ ਹੈ ਤਾਂ ਉਹ ਇੰਨੀ ਬੇਸ਼ਰਮੀ ਨਾਲ਼ ਇਹ ਨਹੀਂ ਕਹਿੰਦੇ ਕਿ ਮੈਂ ਸੰਵਿਧਾਨ ਸਭਾ 'ਚ ਦਲਿਤਾਂ ਦੇ ਕਲਿਆਣ ਲਈ ਆਇਆ ਹਾਂ। ਬਜਾਏ ਇਸਦੇ ਕਿ ਉਹ ਲੋਕਾਂ ਦਰਮਿਆਨ ਖੜ੍ਹੇ ਹੁੰਦੇ ਅਤੇ ਉਹਨਾਂ ਨੂੰ ਕਹਿੰਦੇ ਕਿ 'ਅਸੀਂ ਜਮਾਤੀ ਸੰਘਰਸ਼ ਦੇ ਮਾਧਿਅਮ ਨਾਲ਼ ਆਪਣੀ ਕੰਗਾਲੀ ਅਤੇ ਗੁਲਾਮੀ ਤੋਂ ਛੁਟਕਾਰਾ ਪਾਉਣਾ ਹੈ', ਉਹ ਸੰਵਿਧਾਨ ਸਭਾ 'ਚ ਖੜ੍ਹੇ ਹੋ ਕੇ ਇਹ ਨਹੀਂ ਕਹਿੰਦੇ ਕਿ, 'ਅਸੀਂ ਸੁਚੇਤ ਹੋ ਜਾਈਏ ਅਤੇ ਇਹ ਦੇਖੀਏ ਕਿ ਲੋਕ ਜਮਾਤੀ ਸੰਘਰਸ਼ ਦਾ ਸਹਾਰਾ ਨਾ ਲੈ ਲੈਣ'।

'ਜੇਕਰ ਇਸ ਤੋਂ ਵੀ ਉੱਤਮ ਕੋਈ ਰਾਹ ਹੈ ਤਾਂ ਮੈਨੂੰ ਉਸਦਾ ਗਿਆਨ ਨਹੀਂ ਹੈ' — ਭਾਵੇਂ ਕਿ ਇਹ ਗੱਲ ਅੰਬੇਡਕਰ ਨੇ ਮਹਿਜ਼ ਰਸਮੀ ਭੱਦਰਤਾ ਦੇ ਨਾਤੇ ਕਹੀ, ਉਹਨਾਂ ਨੂੰ ਅਸਲ 'ਚ ਇਹ ਗਿਆਨ ਨਹੀਂ ਹੈ ਕਿ ਉੱਤਮ ਕੀ ਹੈ।

ਅੰਬੇਡਕਰ ਦਾ ਭਾਸ਼ਣ ਖਤਮ ਹੋਣ ਮਗਰੋਂ ਸੰਵਿਧਾਨ ਸਭਾ ਦੇ ਸਾਰੇ ਮੈਂਬਰਾਂ ਨੇ ਅੰਬੇਡਕਰ ਦੀਆਂ ਤਾਰੀਫ਼ਾਂ ਦੀ ਝੜੀ ਲਗਾ ਦਿੱਤੀ। ਉਹਨਾਂ ਨੇ ਇਹਨਾਂ ਨੂੰ 'ਆਧੁਨਿਕ ਮਨੂੰ' ਦੀ ਸੰਗਿਆ ਦਿੱਤੀ। ਜਿਵੇਂ ਕਿ ਮਨੂੰ ਦਾ ਵਿਧਾਨ 'ਮਨੂੰ ਸਮਰਿਤੀ' ਹੈ, ਉਂਞ ਹੀ ਅੰਬੇਡਕਰ ਦੇ ਸੰਵਿਧਾਨ ਨੂੰ 'ਮਹਾਰ ਸਮਰਿਤੀ' ਕਿਹਾ! ਅਜਿਹਾ ਲੱਗਦਾ ਹੈ ਕਿ ਅੰਬੇਡਕਰ ਨੂੰ ਵੀ ਇਹ ਸਮਾਨਜਨਕ ਲੱਗਿਆ! ਉਹਨਾਂ ਨੇ ਕਿਤੇ ਵੀ ਇਹਨਾਂ ਸ਼ਬਦਾਂ ਨੂੰ ਅਸਵੀਕਾਰ ਨਹੀਂ ਕੀਤਾ।

ਠਾਕੁਰ ਦਾਸ ਭਾਰਗਵ ਨਾਮਕ ਇਕ ਮੈਂਬਰ ਨੇ ਅੰਬੇਡਕਰ ਨੂੰ ਕਾਂਗਰਸ ਪਾਰਟੀ 'ਚ ਸ਼ਾਮਲ ਹੋਣ ਦੀ ਸਲਾਹ ਦਿੱਤੀ। (ਕੀ ਅੰਬੇਡਕਰ ਨੇ ਰਸਮੀ ਰੂਪ ਨਾਲ਼ ਕਾਂਗਰਸ 'ਚ ਸ਼ਾਮਲ ਹੋਣਾ ਹੈ? ਅਜਿਹਾ ਲੱਗਦਾ ਹੈ ਕਿ ਭਾਰਗਵ ਅਣਜਾਣ ਸਨ ਜਾਂ ਜੇਕਰ ਇੱਕ ਤੇਲਗੂ ਬਿੰਬ ਦੀ ਵਰਤੋਂ ਕਰੀਏ ਤਾਂ ਇਹ ਭਾਰਗਵ ਦਾ 'ਦੀਵਾਨਾਪਨ' ਸੀ। ਕੀ ਅੰਬੇਡਕਰ ਦਾ ਕਾਂਗਰਸ ਨਾਲ਼ ''ਨੇੜਲਾ ਸੰਪਰਕ'' ਇਹ ਨਹੀਂ ਦੱਸਦਾ ਹੈ ਕਿ ਉਹ ਪਹਿਲਾਂ ਹੀ ਕਾਂਗਰਸ



www.punjabibookspdf.com

’ਚ ਸ਼ਾਮਲ ਹੋ ਗਏ ਸਨ ?)

ਜਦੋਂ ਕਿ ਅਨੰਤਸਇਨਮ ਅਇੰਗਰ ਨੇ ਅੰਬੇਡਕਰ ਦਾ ਇੱਕ ਸੁੰਦਰ ਵਿਸ਼ਲੇਸ਼ਣ ਕੀਤਾ ਸੀ —

> “ਜਿਹੜਾ ਵਿਅਕਤੀ ਅਵਿਸ਼ਵਾਸ ਪ੍ਰਗਟ ਕਰਨ ਅਤੇ ਅਲੋਚਨਾ ਕਰਨ ਆਇਆ ਸੀ, ਉਸਨੇ ਅੰਤ ’ਚ ਸੰਵਿਧਾਨ ਦਾ ਕੰਮ ਆਪਣੇ ਜਿੰਮੇ ਲੈ ਲਿਆ ਅਤੇ ਇਸਨੂੰ ਤਿਆਰ ਕਰ ਦਿੱਤਾ। ਅਸੀਂ ਉਹਨਾਂ ਪ੍ਰਤੀ ਜਿਹੜੀ ਸਦਭਾਵਨਾ ਦਿਖਾਈ ਅਤੇ ਉਹਨਾਂ ਨੇ ਜਿਸ ਢੰਗ ਨਾਲ ਇਸਦਾ ਪ੍ਰਤੀਫਲ ਚੁਕਾਇਆ ਹੈ, ਉਸ ਲਈ ਅਸੀਂ ਖੁਦ ਨੂੰ ਵਧਾਈ ਦਿੰਦੇ ਹਾਂ। ਅਖੀਰ ’ਚ, ਨੇੜਲੇ ਸੰਪਰਕ ਰਾਹੀਂ ਅਸੀਂ ਇੱਕ-ਦੂਜੇ ਦੇ ਨਜ਼ਰੀਏ ਨੂੰ ਅਸਾਨੀ ਨਾਲ਼ ਸਮਝ ਸਕਦੇ ਹਾਂ” (ਪੰਨਾ 1167)

ਇਸਦਾ ਅਰਥ ਇਹ ਹੁੰਦਾ ਹੈ ਕਿ ਕਾਂਗਰਸ ਪਾਰਟੀ ਨੇ ਬਹੁਤ ਚਲਾਕੀ ਨਾਲ਼ ਅੰਬੇਡਕਰ ਨੂੰ ਆਪਣੇ ਨਜ਼ਦੀਕ ਕਰ ਲਿਆ ਸੀ! ਇਸ ਤਰ੍ਹਾਂ ਅੰਬੇਡਕਰ ਨੇ ਵੀ ਕਾਂਗਰਸ ਦੇ ‘ਨੇੜੇ’ ਆਉਣ ’ਚ ਚਲਾਕੀ ਦਿਖਾਈ!

ਸਾਰੇ ਚਾਲਾਕ ਆਦਮੀ ਨਜ਼ਦੀਕੀ ਹੋ ਗਏ ਅਤੇ ਇੱਕ-ਦੂਜੇ ਨੂੰ ਚੰਗੀ ਤਰ੍ਹਾਂ ਸਮਝਾਉਣ ਲਗੇ!

ਲੋਕ ਹੀ ਇਹਨਾਂ ਦੋਹਾਂ ਨੂੰ ਨਾ ਸਮਝ ਸਕੇ।

## 2) ਤੇਲੰਗਾਨਾ ’ਚ ਫ਼ੌਜ।

ਕੀ ਤੁਸੀਂ ਜਾਣਦੇ ਹੋ ਕਿ ਜਿਸ ਸਮੇਂ ਸੰਵਿਧਾਨ ’ਤੇ ਡੂੰਘੀ ਵਾਰਤਾ ’ਚ ਬੇ-ਫ਼ਿਕਰ ਹੋ ਕੇ ਦਿਨ ਗੁਜ਼ਾਰੇ ਜਾ ਰਹੇ ਸਨ ਉਸ ਸਮੇਂ ‘ਸੰਵਿਧਾਨ ਸਭਾ ਤੋਂ ਬਾਹਰ’ ਦੇਸ਼ ’ਚ ਕੀ ਹੋ ਰਿਹਾ ਸੀ ?

ਕਮਿਊਨਿਸਟ ਪਾਰਟੀ ਦੀ ਅਗਵਾਈ ’ਚ ਤੇਲੰਗਾਨਾ, ਆਂਧਰਾ, ਕੇਰਲ, ਬੰਗਾਲ, ਪੰਜਾਬ, ਉੱਤਰ ਪ੍ਰਦੇਸ਼ ਅਤੇ ਕੁਝ ਹੋਰ ਥਾਵਾਂ ’ਤੇ ਖੇਤੀ ਨਾਲ਼ ਜੁੜੇ ਪੇਂਡੂ ਗਰੀਬ ਲੋਕ ਭੂਮੀ-ਪਤੀਆਂ ਦੀ ਜ਼ਮੀਨ ’ਤੇ ਕਬਜ਼ਾ ਕਰਨ ਲਈ ਸੰਘਰਸ਼ ਚਲਾ ਰਹੇ ਸਨ।

ਜੇਕਰ ਅਸੀਂ ਤੇਲੰਗਾਨਾ ਦੀ ਮਿਸਾਲ ਲਈਏ, ਤਾਂ ਸ਼੍ਰੀ **ਪੀ. ਸੁੰਦਰੱਈਆ** ਦੀ ਕਿਤਾਬ *‘ਤੇਲੰਗਾਨਾ ਦੇ ਲੋਕਾਂ ਦਾ ਸੰਘਰਸ਼ ਅਤੇ ਇਸਦੇ ਸਬਕ’* ਵਿੱਚ (ਜਿਹੜੀ ਦਿਸੰਬਰ 1972 ’ਚ ਸੀ.ਪੀ.ਆਈ.ਐੱਮ ਰਾਹੀਂ ਛਪੀ) ਇਸਦਾ ਅੱਖੀਂ ਦੇਖਿਆ ਸਜੀਵ ਵਰਨਣ ਮਿਲ਼ਦਾ ਹੈ।

ਤੇਲੰਗਾਨਾ ਦੇ ਪਿੰਡਾਂ ’ਚ ਮੁਜ਼ਾਰੇ ਅਤੇ ਖੇਤ ਮਜ਼ਦੂਰਾਂ ਨੇ ਜਗੀਰਦਾਰੀ ਵਿਰੁੱਧ ਵਿਦਰੋਹ ਕਰ ਦਿੱਤਾ। ਉਹਨਾਂ ’ਚ ਗਰੀਬ ਹਿੰਦੂ ਅਤੇ ਅਛੂਤ ਮਜ਼ਦੂਰ ਸ਼ਾਮਿਲ ਸਨ। ਉਹਨਾਂ ਨੇ ਭੂਮੀ-ਪਤੀਆਂ ਨੂੰ ਲਾਜ਼ਮੀ ਲਗਾਨ ਦੀ ਅਦਾਇਗੀ ਅਤੇ ਜ਼ਬਰੀਆ ਮੁਫ਼ਤ ਕਿਰਤ ਬੰਦ ਕਰ ਦਿੱਤੀ। ਗਰੀਬ ਲੋਕਾਂ ਨੇ ਵੱਡੇ ਭੂਮੀ ਮਾਲਕਾਂ ਦੇ ਅੰਨ ਭੰਡਾਰਾਂ ਨੂੰ ਜ਼ਬਤ ਕਰਕੇ ਆਪਸ



www.punjabibookspdf.com

’ਚ ਵੰਡਣਾ ਸ਼ੁਰੂ ਕਰ ਦਿੱਤਾ। ਉਹਨਾਂ ਨੇ ਪਟੇਲਾਂ ਅਤੇ ਪਟਵਾਰੀਆਂ ਦੇ ਖਸਰਾ-ਖਤੌਨੀ, ਭੂਮੀ-ਮਾਲਕਾਂ ਦੇ ਰਿਕਾਰਡ, ਕਰਜ਼ ਦੇਣ ਵਾਲ਼ਿਆਂ ਦੀਆਂ ਅਲਮਾਰੀਆਂ ’ਚ ਬੰਦ ਪ੍ਰਨੋਟਾਂ ਨੂੰ ਇੱਕਠਾ ਕਰ ਕੇ ਅੱਗ ਲਗਾ ਦਿੱਤੀ। ਅੰਤ ’ਚ ਉਹਨਾਂ ਨੇ ਇਹ ਨਾਅਰਾ ਦਿੱਤਾ ਕਿ, ‘ਜਮੀਨ ਹਲਵਾਹਕ ਦੀ’ ਅਤੇ ਭੂਮੀ-ਮਾਲਕਾਂ ਦੀ ਜਮੀਨ ਦੀ ਵੰਡ ਕਰਨੀ ਸ਼ੁਰੂ ਕਰ ਦਿੱਤੀ। ਸ਼ੁਰੂ ’ਚ, ਹਰੇਕ ਭੂਮੀ-ਪਤੀ ਦੇ ਟੱਬਰ ਲਈ 500 ਏਕੜ ਭੂਮੀ ਛੱਡ ਕੇ ਬਾਕੀ ਬਚੀ ਭੂਮੀ ਨੂੰ ਵੰਡਿਆ। ਪਰ ਕ੍ਰਮਵਾਰ ਉਹਨਾਂ ਨੇ ਸੇਂਜੂ ਭੂਮੀ ਹੋਣ ’ਤੇ 10 ਏਕੜ ਅਤੇ ਅਸੇਂਜੂ ਹੋਣ ’ਤੇ 100 ਏਕੜ ਜ਼ਮੀਨ ਛੱਡੀ। ਇਹ ਇਨਕਲਾਬੀ ਸਰਗਰਮੀਆਂ ਦੂਜੇ ਜ਼ਿਲ੍ਹਿਆਂ ’ਚ ਵੀ ਫੈਲਣੀਆਂ ਸ਼ੁਰੂ ਹੋ ਗਈਆਂ (ਪੰਨਾ 58-59)।

ਗਰੀਬ ਲੋਕਾਂ ਦੀਆਂ ਸਰਗਰਮੀਆਂ ਤੋਂ ਤੰਗ ਆ ਕੇ ਭੂਮੀ-ਪਤੀਆਂ ਨੇ ਪਿੰਡ ਛੱਡ ਦਿੱਤੇ ਅਤੇ ਸ਼ਹਿਰਾਂ ’ਚ ਸ਼ਰਣ ਲੈ ਲਈ।

“ਤੇਲੰਗਾਨਾ ’ਚ ਰਾਜਕਾਰ-ਵਿਰੋਧੀ, ਨਿਜ਼ਾਮ-ਵਿਰੋਧੀ ਹਥਿਆਰਬੰਦ ਸੰਘਰਸ਼ ਤੇਜ਼ੀ ਨਾਲ਼ ਵਧਿਆ — ਤਕਰੀਬਨ 10,000 ਮੈਂਬਰਾਂ ਦਾ ਗ੍ਰਾਮ ਦਸਤਾ ਅਤੇ 2,000 ਤੋਂ ਵੱਧ ਮੈਂਬਰਾਂ ਦਾ ਛਾਪਾਮਾਰ ਦਸਤਾ ਗਠਿਤ ਕੀਤੇ ਗਏ ਸਨ, ਅਣਗਿਣਤ ਸੰਘਰਸ਼, ਵੀਰਤਾਪੂਰਨ ਕਾਰਨਾਮੇ, 2,000 ਦੇ ਆਸ-ਪਾਸ ਲੜਾਕੂ, ਸੂਰਮੇ ਅਤੇ ਆਗੂ ਆਪਣੀ ਜ਼ਿੰਦਗੀ ਦਾਅ ’ਤੇ ਲਾ ਕੇ ਨਿਜ਼ਾਮ ਦੇ ਹਥਿਆਰਬੰਦ ਵਲੰਟੀਅਰਾਂ, ਪੁਲਿਸ ਦੇ ਦਲਾਲਾਂ, ਰਾਜਕਾਰਾਂ, ਭੂਮੀ-ਪਤੀਆਂ ਅਤੇ ਉਹਨਾਂ ਦੇ ਗੁੰਡਿਆਂ ਦੇ ਛੱਕੇ ਛੁਡਾ ਰਹੇ ਸਨ, ਉਹਨਾਂ ਨੂੰ ਪਿੰਡਾਂ ਤੋਂ ਖਦੇੜ ਰਹੇ ਸਨ, 3000 ਪਿੰਡ ਗ੍ਰਾਮ ਪੰਚ ਕਮੇਟੀਆਂ ਦੇ ਜਾਂ ਪਿੰਡ ਸੂਬਿਆਂ ਦੇ ਕੰਟਰੋਲ ’ਚ ਆ ਗਏ, ਭੂਮੀ ਵੰਡ, ਸਿੱਖਿਆ, ਸਿਹਤ ਅਤੇ ਸਾਰੀਆਂ ਪੇਂਡੂ ਸੇਵਾਵਾਂ ਲੜਾਕੂ ਲੋਕਾਂ ਦੀਆਂ ਇਹਨਾਂ ਕਮੇਟੀਆਂ ਰਾਹੀਂ ਵਿਵਸਥਤ ਕੀਤੀਆਂ ਜਾਣ ਲੱਗੀਆਂ।” (ਪੰਨਾ 60)।

ਇਹ ਅੰਬੇਡਕਰ ਦੇ ਰਾਹ (ਰਿਣਪੱਤਰ, ਵਿਆਜ ਦਾ ਭੁਗਤਾਨ ਅਤੇ ਵਸੀਅਤ) ਅਤੇ ‘ਲੁੱਟ’ ਵਿਰੁੱਧ ਸੰਘਰਸ਼ ਦੇ ਕਮਿਊਨਿਸਟ ਮਾਰਗ ਦਰਮਿਆਨ ਫਰਕ ਨੂੰ ਸਮਝਾਉਣ ਦੀ ਇੱਕ ਛੋਟੀ ਜਿਹੀ ਮਿਸਾਲ ਹੈ।

‘ਨਹਿਰੂ-ਪਟੇਲ ਸਰਕਾਰ’ ਨੇ (ਇਹ ਅੰਬੇਡਕਰ ਦੀ ਵੀ ਸਰਕਾਰ ਸੀ ਕਿਉਂਕਿ ਅੰਬੇਡਕਰ ਵੀ ਉਸ ਸਰਕਾਰ ’ਚ ਮੰਤਰੀ ਸਨ) ਸਿਤੰਬਰ 1948 ’ਚ ਨਿਜ਼ਾਮ ਨੂੰ ਕਬਜ਼ੇ ’ਚ ਲੈਣ ਦੇ ਨਾਮ ’ਤੇ ਲੋਕਾਂ ਦੇ ਵਿਦਰੋਹ ਨੂੰ ਕੁਚਲਣ ਲਈ ਤੇਲੰਗਾਨਾ ਦੇ ਪਿੰਡਾਂ ’ਚ 50 ਹਜ਼ਾਰ ਫੌਜੀ ਭੇਜੇ।

ਨਿਜ਼ਾਮ ਨੇ ਬਿਨਾਂ ਕਿਸੇ ਟਾਕਰੇ ਦੇ ਭਾਰਤ ਸਰਕਾਰ ਦੇ ਅੱਗੇ ਸਮਰਪਣ ਕਰ ਦਿੱਤਾ। ਫਿਰ ਤਾਂ ਭਾਰਤੀ ਫ਼ੌਜ ਦਾ ਮਕਸਦ ਲੋਕਾਂ ’ਤੇ ਜ਼ਬਰ ਕਰਨਾ ਸੀ। ਯਾਨੀ, ਲੜਾਕੂ ਦਸਤਿਆਂ, ਕਮਿਊਨਿਸਟ ਪਾਰਟੀ ਅਤੇ ਗ੍ਰਾਮ ਕਮੇਟੀਆਂ ਨੂੰ ਨਸ਼ਟ ਕਰਨਾ।

ਅੰਬੇਡਕਰ, ਜੋ ਸਰਕਾਰ ਦਾ ਹੀ ਹਿਸਾ ਸਨ, ਸਭ ਕੁਝ ਜਾਣਦੇ ਸਨ, ਕਿ ਭਾਰਤੀ ਫੌਜ ਨੂੰ ਤੇਲੰਗਾਨਾ ਦੇ ਪਿੰਡਾਂ ’ਚ ਕਿਉਂ ਭੇਜਿਆ ਗਿਆ ਅਤੇ ਉੱਥੇ ਇਹ ਕੀ ਕਰਨ ਜਾ ਰਹੀ



www.punjabibookspdf.com

ਸੀ।

ਹੈਦਰਾਬਾਦ 'ਚ ਕਾਂਗਰਸੀ ਫ਼ੌਜੀ ਸੱਤ੍ਹਾ, ਪੁਲਿਸ, ਫ਼ੌਜ ਅਤੇ ਕਾਂਗਰਸੀ ਰਾਜਕਾਰਾਂ ਨੇ ਤੇਲੰਗਾਨਾ ਦੇ ਲੋਕਾਂ ਦੇ ਜ਼ੁਅੱਰਤਮੰਦ ਸੰਘਰਸ਼ ਨੂੰ ਅਣਕਿਆਸੇ ਪੈਮਾਨੇ 'ਤੇ ਕੁਚਲਣ ਦੀ ਦ੍ਰਿਸ਼ਟੀ ਨਾਲ਼ ਬਰਬਰਤਾ, ਦਹਿਸ਼ਤ ਅਤੇ ਫਾਸੀਵਾਦ ਨੂੰ ਖੁੱਲੀ ਛੁੱਟੀ ਦੇ ਦਿੱਤੀ" (ਪੰਨਾ 197)

"ਤੇਲੰਗਾਨਾ 'ਚ ਸਾਰੇ ਜੰਗੀ ਇਲਾਕਿਆਂ 'ਚ ਹਰ 4 ਜਾਂ 5 ਮੀਲ 'ਤੇ ਫ਼ੌਜ ਦੇ ਕੈਂਪ ਲਗਾਏ ਗਏ। ਇਹਨਾਂ ਕੈਂਪਾਂ ਦੇ ਆਸ-ਪਾਸ ਦੇ ਪਿੰਡਾਂ 'ਚ ਦਿਨ ਵਿੱਚ ਦੋ ਜਾਂ ਤਿੰਨ ਵਾਰੀ ਫ਼ੌਜ ਰਾਹੀਂ ਹਮਲਾ ਕੀਤਾ ਜਾਂਦਾ ਸੀ ਅਤੇ ਯੋਜਨਾਬੱਧ ਤਰੀਕਿਆਂ ਨਾਲ਼ ਲੋਕਾਂ 'ਤੇ ਜ਼ਬਰ ਕੀਤਾ ਜਾਂਦਾ ਸੀ। ਹਰ ਪਿੰਡ 'ਚ ਲੋਕਾਂ ਨੂੰ ਇੱਕ ਜਗ੍ਹਾ 'ਤੇ ਇੱਕਠਾ ਕੀਤਾ ਜਾਂਦਾ ਸੀ ਅਤੇ ਬਰਬਰਤਾ ਨਾਲ਼ ਕੁੱਟਿਆ ਜਾਂਦਾ ਸੀ। ਉਹ ਕਮਿਊਨਿਸਟਾਂ ਦੀ ਤਲਾਸ਼ 'ਚ ਲੋਕਾਂ ਨੂੰ ਆਪਣੇ ਨਾਲ਼ ਜੰਗਲ, ਝਾੜੀ, ਪਹਾੜੀਆਂ 'ਚ ਜ਼ਬਰਦਸਤੀ ਲੈ ਜਾਂਦੇ ਸਨ ਅਤੇ ਉਹਨਾਂ ਨੂੰ ਸੂਚਨਾ ਦੇਣ ਲਈ ਮਜ਼ਬੂਰ ਕਰਦੇ ਸਨ। ਜੇਕਰ ਉਹਨਾਂ ਨੂੰ ਤਲਾਸ਼ੀ 'ਚ ਕੋਈ ਨਾ ਮਿਲ਼ਦਾ ਤਾਂ ਲੋਕਾਂ ਨੂੰ ਫਿਰ ਕੁੱਟਿਆ ਜਾਂਦਾ" (ਪੰਨਾ 198)।

"... ਲੋਕਾਂ ਨੂੰ ਰੱਸੀ ਨਾਲ਼ ਬੰਨ੍ਹ ਕੇ ਘਿਰਨੀ ਸਿਸਟਮ ਰਾਹੀਂ ਉਤਾਂਹ ਖਿੱਚਿਆ ਜਾਂਦਾ (ਜਿਵੇਂ ਘਿਰਨੀ ਰਾਹੀਂ ਖੂਹ ਤੋਂ ਪਾਣੀ ਕੱਢਿਆ ਜਾਂਦਾ ਹੈ) ਅਤੇ ਝੜਾਕ ਦੇਣੀਂ ਹੇਠਾਂ ਸੁੱਟ ਦਿੱਤਾ ਜਾਂਦਾ। ਇਨਸਾਨਾਂ ਨੂੰ ਬੋਰਿਆਂ 'ਚ ਬੰਨ ਦਿੱਤਾ ਜਾਂਦਾ ਅਤੇ ਸਿਪਾਹੀ ਉਹਨਾਂ ਨੂੰ ਕਿਸੇ ਕੰਧ ਦੇ ਦੂਜੇ ਪਾਸੇ ਸੁੱਟ ਦਿੰਦੇ। — ਕੁੱਝ ਫ਼ੌਜੀ ਲੋਕਾਂ ਦੀਆਂ ਬਾਹਵਾਂ ਫੜ੍ਹੀ ਰੱਖਦੇ ਅਤੇ ਕੁਝ ਪੈਰ ਫੜ੍ਹੀ ਰੱਖਦੇ ਅਤੇ ਉਹਨਾਂ ਨੂੰ ਝੁਲਾਉਂਦੇ, ਉਸ ਸਮੇਂ ਕੁਝ ਫ਼ੌਜੀ ਉਹਨਾਂ ਨੂੰ ਆਪਣੇ ਨਾਲਦਾਰ ਬੂਟਾਂ ਨਾਲ ਇੰਞ ਮਾਰਦੇ ਜਿਵੇਂ ਫੁੱਟਬਾਲ 'ਤੇ ਕਿੱਕ ਮਾਰੀ ਜਾਂਦੀ ਹੈ। — ਲੋਕਾਂ ਨੂੰ ਕੜਕਦੀ ਧੁੱਪ 'ਚ ਤੱਪਦੇ ਹੋਏ ਰੇਤ 'ਚ ਲਿਟਾ ਕੇ ਕੁੱਟਿਆ ਜਾਂਦਾ। ਕੁੱਝ ਨੂੰ ਦਰੱਖਤ ਨਾਲ਼ ਉਲਟਾ ਕਰਕੇ ਝੁਲਾਇਆ ਜਾਂਦਾ ਅਤੇ ਝੁਲਾਉਂਦੇ ਹੋਏ ਹਰ ਵਾਰੀ ਕੁੱਟਿਆ ਜਾਂਦਾ। ਕੁਝ ਨੂੰ ਮੂਧੇ ਲਿਟਾ ਕੇ ਪਿੱਠ 'ਤੇ ਫੱਟਾ ਰੱਖ ਦਿੰਦੇ ਅਤੇ ਦੋ ਫ਼ੌਜੀ ਉਸਦੇ ਦੋਨੋਂ ਸਿਰਿਆਂ 'ਤੇ ਚੜ੍ਹ ਕੇ ਝੂਲਦੇ ਰਹਿੰਦੇ। — ਨਹੁੰਆਂ 'ਚ ਪਿੰਨ ਖਭੋਏ ਜਾਂਦੇ, ਲੱਕੜੀ ਦੇ ਅੰਗਾਰਿਆਂ ਜਾਂ ਤੱਪਦੇ ਲੋਹੇ ਨਾਲ ਜਿਸਮ ਨੂੰ ਜਲ਼ਾਉਣਾ ਤਾਂ ਆਮ ਗੱਲ ਸੀ। ਬਿਜਲੀ ਦੇ ਕਰੰਟ ਨਾਲ਼ ਵੀ ਲੋਕਾਂ ਨੂੰ ਤਸੀਹੇ ਦਿੱਤੇ ਜਾਂਦੇ ਸਨ। — .... ਹਜ਼ਾਰਾਂ ਲੋਕਾਂ ਨੂੰ ਬੁਰੀ ਤਰ੍ਹਾਂ ਨਾਲ਼ ਕੁੱਟਿਆ ਜਾਂਦਾ ਸੀ ਅਤੇ ਤੇਜ਼ੀ ਨਾਲ਼ ਆਉਂਦੀ ਹੋਈ ਗੱਡੀ ਅੱਗੇ ਦੌੜਨ ਲਈ ਮਜ਼ਬੂਰ ਕੀਤਾ ਜਾਂਦਾ ਸੀ। ਜਿਹੜੇ ਗੱਡੀ ਅੱਗੇ ਨਹੀਂ ਦੌੜ ਪਾਉਂਦੇ ਸਨ ਉਹਨਾਂ ਨੂੰ ਗੱਡੀ ਮਗਰ ਬੰਨ ਕੇ ਘੜੀਸਿਆ ਜਾਂਦਾ ਸੀ" (ਪੰਨਾ 198)

"ਚੰਦੁਪੱਲੀ ਦੇ ਰੰਗਈਆ ਨੂੰ ਇੱਕ ਗੱਡੀ ਨਾਲ ਬੰਨ ਕੇ ਜਿਉਂਦੇ ਜਲ਼ਾ ਦਿੱਤਾ ਗਿਆ। 'ਕਮਿਊਨਿਸਟ ਪਾਰਟੀ ਜ਼ਿੰਦਾਬਾਦ' ਕਹਿੰਦੇ ਹੋਏ ਉਹ ਮਰ ਗਿਆ" (ਪੰਨਾ 200)।

"ਸੂਰਿਆਪੇਟ ਤਾਲੁਕਾ ਦੇ ਮਿਆਰਲਾ ਦੀ ਘੇਰਾਬੰਦੀ 'ਚ ਰਾਮੁਲੂ ਨੂੰ ਫੜ੍ਹ ਲਿਆ ਗਿਆ। ਉਸ ਤੋਂ ਕੋਈ ਗੁਪਤ ਜਾਣਕਾਰੀ ਨਾ ਮਿਲਣ 'ਤੇ ਉਸਨੂੰ ਇੱਕ ਗੱਡੀ ਮਗਰ ਬੰਨ੍ਹ ਕੇ



www.punjabibookspdf.com

ਸੜਕ 'ਤੇ ਉਦੋਂ ਤੱਕ ਘਸੀਟਿਆ ਗਿਆ ਜਦੋਂ ਤੱਕ ਕਿ ਉਸਦੇ ਜਿਸਮ ਦੇ ਚੀਥੜੇ ਨਹੀਂ ਹੋ ਗਏ" (ਪੰਨਾ 200)

"ਵਿਸਨੂਰ ਦੇ ਮੁਥੱਇਆ ਅਤੇ ਕਲਮਾਲਚੇਰੁਵੂ ਦੇ ਅੱਪਿਰੇਡੀ ਨੂੰ ਸੁੱਕੇ ਪੱਤਿਆਂ ਦੀ ਢੇਰੀ 'ਤੇ ਜੀਉਂਦੇ ਜਲ਼ਾ ਦਿੱਤਾ ਗਿਆ" (ਪੰਨਾ 200)

"ਮਲਕਾਪੁਰਮ ਦੇ ਦਸਤਾ ਨਾਇਕ ਗੰਜੀ ਸੱਈਆਨਾਰਇਨਾ ਅਤੇ ਹਰੀਜਨ ਮਥੱਇਆ ਦੀਆਂ ਅੱਖਾਂ ਕੱਢ ਦਿੱਤੀਆਂ ਗਈਆਂ, ਅੰਡਗ੍ਰੰਥੀ ਕੱਟ ਕੇ ਮੂੰਹ 'ਚ ਤੁੰਨ ਦਿੱਤੀ ਗਈ ਅਤੇ ਮਗਰੋਂ ਉਹਨਾਂ ਦੇ ਟੋਟੇ-ਟੋਟੇ ਕਰ ਦਿੱਤੇ ਗਏ।" (ਪੰਨਾ 200)

"ਨੋਮੁਲਾ ਪਿੰਡ ਦੇ ਯੈੱਲਾਸਵਾਮੀ ਨੂੰ, ਜਿਹੜਾ ਕਿ ਖੇਤ ਮਜ਼ਦੂਰ ਟੱਬਰ ਚੋਂ ਸੀ, ਅਥਾਹ ਤਸੀਹੇ ਦਿੱਤੇ ਗਏ, ਉਸਦੇ ਸਰੀਰ ਤੋਂ ਮਾਸ ਦੇ ਟੁਕੜੇ ਕੱਟੇ ਗਏ, ਕਿੱਲਾਂ ਠੋਕੀਆਂ ਗਈਆਂ, ਉਸਨੂੰ ਲਾਲ ਦਗਦੇ ਲੋਹੇ ਨਾਲ਼ ਜਲਾਇਆ ਗਿਆ, ਫਿਰ ਵੀ ਉਹਨੇ ਗੁਪਤ ਗੱਲਾਂ ਦੱਸਣ ਤੋਂ ਮਨ੍ਹਾ ਕਰ ਦਿੱਤਾ ਅਤੇ ਅੰਤ 'ਚ ਉਸਨੂੰ ਗੋਲ਼ੀ ਮਾਰ ਦਿੱਤੀ ਗਈ।" (ਪੰਨਾ 201)

"ਖਾਸ ਤੌਰ 'ਤੇ ਔਰਤਾਂ 'ਤੇ ਢਾਹੇ ਗਏ ਜ਼ੁਲਮਾਂ ਦੀਆਂ ਤਾਂ ਗੱਲਾਂ ਕਰਨਾ ਹੀ ਵਿਅਰਥ ਹੈ। ਉਹਨਾਂ ਨੇ ਹੁਣੇ ਹੁਣੇ ਮਾਂ ਬਣੀਆਂ ਔਰਤਾਂ, ਗਰਭਵਤੀ ਔਰਤਾਂ ਅਤੇ ਜਵਾਨ ਕੰਨਿਆਵਾਂ ਦਾ ਬਲਾਤਕਾਰ ਕੀਤਾ। ਪਹਿਲੇ ਵਰ੍ਹੇ 'ਚ 1,000 ਤੋਂ ਵੱਧ ਔਰਤਾਂ ਦਾ ਬਲਾਤਕਾਰ ਹੋਇਆ ਅਤੇ ਸਾਰੇ ਅਰਸੇ 'ਚ ਕਈ ਹਜ਼ਾਰ। ਕਿਉਂਕਿ ਸਮੂਹਿਕ ਬਲਾਤਕਾਰ ਬਰਬਰਤਾ ਨਾਲ਼ ਕੀਤੇ ਗਏ, 100 ਤੋਂ ਵੱਧ ਔਰਤਾਂ ਮਰ ਗਈਆਂ। — ਔਰਤਾਂ ਦੀਆਂ ਛਾਤੀਆਂ ਸੰਨ੍ਹੀ ਤੋਂ ਖਿੱਚ ਕੇ ਦਬਾਈਆਂ ਗਈਆਂ, ਦੁੱਧ ਮੂੰਹੇ ਬੱਚਿਆਂ ਨੂੰ ਉਹਨਾਂ ਦੀਆਂ ਮਾਵਾਂ ਦੀਆਂ ਅੱਖਾਂ ਮੂਹਰੇ ਮਾਰ ਦਿੱਤਾ ਗਿਆ। — 70 ਔਰਤਾਂ ਨੰਗੀਆਂ ਕੀਤੀਆਂ ਗਈਆਂ, ਉਹਨਾਂ ਦੇ ਪੱਟਾਂ 'ਤੇ ਕਿਰਲੀਆਂ ਬੰਨ ਦਿੱਤੀਆਂ ਗਈਆਂ ਅਤੇ ਫੱਟਾਂ 'ਤੇ ਲਾਲ ਮਿਰਚ ਛਿੜਕੀ ਗਈ" (ਪੰਨਾ 199-200)।

ਕਤਲ, ਜੀਉਂਦੇ ਜਲਾਉਣ, ਜੀਉਂਦੇ ਦਫ਼ਨਾਉਣ ਅਤੇ ਕਤਲੇਆਮ ਦੀਆਂ ਬੇਹੱਦ ਘਟਨਾਵਾਂ ਹੋਈਆਂ।

ਪਲਵੰਚ ਤਾਲੁਕਾ ਦੇ ਅੱਲਮਪੱਲੀ ਕੈਂਪ 'ਚ, ਸਿਤੰਬਰ 'ਚ, ਇੱਕ ਦਿਨ 45 ਲੋਕਾਂ ਨੂੰ ਗੋਲ਼ੀ ਮਾਰ ਦਿੱਤੀ ਗਈ ਜਿਸ 'ਚੋਂ 18 ਲੋਕ ਪਾਰਟੀ ਦੇ ਮੈਂਬਰ ਸਨ। ਕਤਲਾਂ ਦਾ ਸਿਲਸਿਲਾ ਚੱਲਦਾ ਰਿਹਾ ਅਤੇ 4 ਦਿਨਾਂ ਅੰਦਰ 119 ਲੋਕਾਂ ਦਾ ਕਤਲ ਕੀਤਾ ਗਿਆ। ਅਜਿਹਾ ਅੰਦਾਜਾ ਹੈ ਕਿ ਇਸ ਕੈਂਪ 'ਚ 300 ਤੋਂ ਵੱਧ ਲੋਕਾਂ ਦਾ ਕਤਲ ਕੀਤਾ ਗਿਆ।

ਗਡੀਪਡੂ ਅਤੇ ਦੂਜੇ ਕੈਂਪਾਂ 'ਚ, ਜਿਹੜੇ ਜੰਗਲਾਂ ਤੋਂ ਲਿਆਏ ਗਏ ਕੋਇਆ ਲੋਕਾਂ ਲਈ ਬਣਾਏ ਗਏ ਸਨ, ਦੋ ਮਹੀਨਿਆਂ ਅੰਦਰ 10,000 ਲੋਕ ਹੈਜੇ ਕਰਕੇ ਮੌਤ ਦੇ ਮੂੰਹ 'ਚ ਚਲੇ ਗਏ। ਪੁਲਿਸ ਨੇ 120 ਵਿਅਕਤੀਆਂ ਨੂੰ ਗੋਲ਼ੀ ਮਾਰ ਦਿੱਤੀ ਅਤੇ ਲੋਕਾਂ ਨੂੰ ਆਪਣਾ ਪਿੰਡ ਛੱਡਣ ਲਈ ਮਜ਼ਬੂਰ ਕਰ ਦਿੱਤਾ।

ਫ਼ੌਜੀਆਂ ਨੇ ਨਾਲਗੋਂਡਾ, ਵਾਰੰਗਲ, ਖਮਾਮ, ਕਰੀਮਨਗਰ ਅਤੇ ਹੈਦਰਾਬਾਦ ਦੇ



www.punjabibookspdf.com

ਹਜ਼ਾਰਾਂ ਪਿੰਡਾਂ 'ਚ ਦਹਿਸ਼ਤ ਫੈਲਾ ਰੱਖੀ ਸੀ।

ਅੱਜ ਦੇ ਆਂਧਰਾ ਦੇ ਜ਼ਿਲ੍ਹਿਆਂ 'ਚ, ਜਿਵੇਂ ਕਿ ਤੇਲੰਗਾਨਾ ਦੇ ਸਰਹੱਦੀ ਜ਼ਿਲ੍ਹੇ ਹਨ, ਫੌਜ ਨੇ ਅਨੇਕਾਂ ਜ਼ੁਲਮਾਂ ਨੂੰ ਅੰਜਾਮ ਦਿੱਤਾ।

"ਕ੍ਰਿਸ਼ਣਾ ਜ਼ਿਲ੍ਹੇ 'ਚ, ਤੇਲੰਗਾਨਾ ਦੇ ਸਮਰਥਨ 'ਚ ਲੋਕ ਲਹਿਰ ਤੇਜ਼ ਹੋ ਗਈ। 400 ਤੋਂ ਵੱਧ ਪਿੰਡਾਂ 'ਚ ਖੇਤ ਮਜ਼ਦੂਰਾਂ ਦੇ ਹਜ਼ੂਮ ਆਪਣੀਆਂ ਮੰਗਾਂ 'ਤੇ ਜਿੱਤ ਹਾਸਲ ਕਰਨ ਲਈ ਸੰਘਰਸ਼ ਛੇੜਨ ਦੀ ਤਿਆਰੀ ਕਰ ਰਹੇ ਸਨ। ਉਹਨਾਂ ਦੀਆਂ ਮੰਗਾਂ ਸਨ 30 ਬੋਰੇ ਚਾਵਲ, ਕੰਮ ਦੇ 8 ਘੰਟੇ ਅਤੇ ਤਨਖਾਹ ਸਹਿਤ 30 ਛੁੱਟੀਆਂ। ਜਗੀਰਦਾਰੀ ਵਾਲ਼ੇ ਖੇਤਰਾਂ 'ਚ ਕਿਸਾਨਾਂ ਨੇ ਜਿੰਮੀਂਦਾਰਾਂ ਨੂੰ ਲਗਾਨ ਦੇਣ ਤੋਂ ਮਨਾ ਕਰ ਦਿੱਤਾ ਅਤੇ ਇਹ ਮੰਗ ਕੀਤੀ ਕਿ ਲਗਾਨ ਨੂੰ ਘੱਟ ਕੀਤਾ ਜਾਵੇ ਅਤੇ ਜਗੀਰਦਾਰੀ ਪ੍ਰਥਾ ਨੂੰ ਖਤਮ ਕੀਤਾ ਜਾਵੇ।"(ਪੰਨਾ 152)

ਜੇਕਰ ਉਹਨਾਂ ਦੀਆਂ ਮੰਗਾਂ ਪੂਰੀਆਂ ਹੋ ਗਈਆਂ ਹੁੰਦੀਆਂ ਤਾਂ ਇਥੋਂ ਤੱਕ ਕਿ ਅਛੂਤ ਵੀ, ਜਿਹੜੇ ਕਿ ਖੇਤ-ਮਜ਼ਦੂਰ ਸਨ, ਇਸ ਤੋਂ ਕਾਫ਼ੀ ਲਾਭ ਉਠਾਉਂਦੇ।

ਇੱਥੋਂ ਤੱਕ ਕਿ ਕਾਂਗਰਸੀ ਲੀਡਰ ਵੀ ਫ਼ੌਜ ਰਾਹੀਂ ਮਚਾਈ ਗਈ ਦਹਿਸ਼ਤ ਨੂੰ ਬੇਨਕਾਬ ਕਰਨ ਤੋਂ ਖੁਦ ਨੂੰ ਨਹੀਂ ਰੋਕ ਸਕੇ।

"ਮਦਰਾਸ ਵਿਧਾਨ ਸਭਾ ਦੇ ਵਿਧਾਇਕ ਅਤੇ ਕਾਂਗਰਸ ਦੇ ਸਾਬਕਾ ਹਰੀਜਨ ਉਦਾਰ ਮੰਤਰੀ ਸ਼੍ਰੀ ਵੇਮੁਲਾ ਕੁੱਮਇਆ ਨੇ ਯੇਲਾਮਾਰੂ ਦੇ ਪਿੰਡ 'ਚ ਪੁਲਿਸ ਦੀ ਬੇਸ਼ਰਮ ਕਰੂਰਤਾ 'ਤੇ ਇੱਕ ਬਿਆਨ ਜਾਰੀ ਕੀਤਾ ਜਿਸਦਾ ਸੰਖੇਪ ਸਾਰ ਹੇਠਾਂ ਲਿਖੇ ਅਨੁਸਾਰ ਹੈ — "14 ਜੁਲਾਈ 1949 ਨੂੰ ਸਰਘੀ ਵੇਲ਼ੇ ਹੀ ਮਾਲਾਬਾਰ ਦੇ ਖਾਸ ਪੁਲਿਸ ਦਸਤੇ ਦੇ 200 ਸਿਪਾਹੀਆਂ ਨੇ ਯੇਲਾਮਾਰੂ ਦੇ ਪਿੰਡ 'ਚ ਛਾਪਾ ਮਾਰਿਆ। ਉਹਨਾਂ ਨੇ ਪਿੰਡ ਨੂੰ ਘੇਰ ਲਿਆ ਅਤੇ ਕਿਸੇ ਨੂੰ ਵੀ ਬਾਹਰ ਨਹੀਂ ਜਾਣ ਦਿੱਤਾ। ਸਰਘੀ ਵੇਲ਼ੇ ਮਗਰੋਂ ਉਹਨਾਂ ਨੇ ਪੇਂਡੂਆਂ ਨੂੰ ਤਿੰਨ ਗਰੁੱਪਾਂ 'ਚ ਸਥਾਨਕ ਹਾਈ ਸਕੂਲ ਦੇ ਕੰਪਲੈਕਸ 'ਚ ਇੱਕਠਾ ਕੀਤਾ। ਉਹਨਾਂ ਨੂੰ ਨੰਗਿਆ ਕੀਤਾ ਗਿਆ ਅਤੇ ਹਰੇਕ ਨੂੰ ਦਸ-ਦਸ ਪਟੇ ਮਾਰੇ ਗਏ। ਫਿਰ ਉਹਨਾਂ ਪੇਂਡੂਆਂ ਨੂੰ ਪੂਰੇ ਪਿੰਡ 'ਚ ਨੰਗ-ਧੜੰਗ ਘੁਮਾਇਆ ਗਿਆ! ਜਦੋਂ ਕਿਸੇ ਨੇ ਆਪਣੀ ਸ਼ਰਮ ਨੂੰ ਆਪਣੇ ਹੱਥਾਂ ਨਾਲ਼ ਢੱਕਣ ਦੀ ਕੋਸ਼ਿਸ਼ ਕੀਤੀ ਤਾਂ ਉਹਨਾਂ ਨੂੰ ਫਿਰ ਕੁੱਟਿਆ ਗਿਆ! ਉਹਨਾਂ 'ਚ ਕੁਝ ਨੂੰ ਗਾਂਧੀ ਦੀ ਮੂਰਤੀ ਮੂਹਰੇ ਸਜ਼ਾ ਦੇ ਤੌਰ 'ਤੇ ਲਿਟਾ ਕੇ ਹੋਰ ਕੁੱਟਿਆ। ਇੱਥੋਂ ਤੱਕ ਕਿ, ਉਹਨਾਂ ਨੂੰ ਕੱਪੜੇ ਵਾਪਸ ਨਹੀਂ ਕੀਤੇ ਗਏ, ਸਗੋਂ ਉਹਨਾਂ ਨੂੰ ਕਿਹਾ ਗਿਆ ਕਿ ਆਪਣੇ ਘਰ ਦੀਆਂ ਔਰਤਾਂ ਸਾਹਮਣੇ ਨੰਗੇ ਹੀ ਜਾਣ ਅਤੇ ਨਵੇਂ ਕੱਪੜੇ ਪਾ ਕੇ ਮੁੜ ਆਣ। ਜਿਹਨਾਂ ਲੋਕਾਂ 'ਤੇ ਇਹ ਕਰੂਰ ਜ਼ਬਰ ਕੀਤਾ ਗਿਆ ਉਹਨਾਂ 'ਚ ਅਛੂਤ ਅਤੇ ਸਵਰਣ ਦੋਨੋਂ ਸਨ। — ਹਰੀਜਨ ਬਸਤੀ ਦੀਆਂ ਸਾਰੀਆਂ ਔਰਤਾਂ ਨੂੰ ਮੈਦਾਨ 'ਚ ਖੜ੍ਹਾ ਕੇ ਕੁੱਟਿਆ ਗਿਆ" (ਪੰਨਾ 168)।

"ਜ਼ਿਲ੍ਹੇ ਦੇ ਸਾਰੇ ਪਿੰਡਾਂ 'ਚ ਇਹਨਾਂ ਜ਼ੁਲਮਾਂ ਬਾਰੇ ਲੋਕ ਸਵਾਲ ਕਰ ਰਹੇ ਹਨ, ਜਿਸ ਬਾਰੇ ਇਹ ਕਿਹਾ ਜਾ ਰਿਹਾ ਕਿ ਇਹ 1919 'ਚ ਫਿਰੰਗੀ ਸਾਮਰਾਜਵਾਦੀਆਂ ਰਾਹੀਂ



www.punjabibookspdf.com

ਪੰਜਾਬ 'ਚ ਕੀਤੇ ਗਏ ਜ਼ੁਲਮਾਂ ਤੋਂ ਵੀ ਬਦਤਰ ਹੈ" (ਪੰਨਾ 169)।

"ਇਸ ਮਹੀਨੇ ਦੀ 16 ਤਰੀਕ ਨੂੰ 300 ਪੁਲੀਸ ਕਰਮਚਾਰੀਆਂ ਨੇ ਕ੍ਰਿਸ਼ਣਾ ਜ਼ਿਲ੍ਹੇ 'ਚ ਗੱਨਵਰਮ ਤਾਲੁਕਾ ਦੇ ਕਟੁਰੂ ਪਿੰਡ 'ਤੇ ਹਮਲਾ ਬੋਲ ਦਿੱਤਾ। ਪਿੰਡ ਦੇ ਸਾਰੇ ਮਰਦਾਂ 'ਤੇ, ਭਾਵੇਂ ਉਹ ਕਿਸੇ ਵੀ ਧਰਮ ਨਾਲ਼ ਸਬੰਧਤ ਹੋਣ, ਬਰਬਰਤਾਪੂਰਵਕ ਲਾਠੀ-ਚਾਰਜ ਕੀਤਾ ਗਿਆ। ਔਰਤਾਂ ਨੂੰ ਗਾਲ੍ਹਾਂ ਕੱਢੀਆਂ ਗਈਆਂ। ਤਕਰੀਬਨ 400 ਮਰਦਾਂ ਦੇ ਕੱਪੜੇ ਲਾਹ ਦਿੱਤੇ ਗਏ ਅਤੇ ਗਲ਼ੀਆਂ 'ਚ ਨੰਗਾ ਘੁਮਾਇਆ ਗਿਆ...। ਕੀ ਕਾਂਗਰਸੀ ਹਕੂਮਤ 'ਚ ਪੁਲਿਸ ਅਜਿਹੀ ਹੀ ਕਾਰਵਾਈ ਕਰੇਗੀ ?" (ਪੰਨਾ 170)।

"ਆਂਧਰਾ ਦੇ ਇੱਕ ਮੋਹਰੀ ਤੇਲਗੂ ਰੋਜ਼ਾਨਾ 'ਆਂਧਰਾ ਸਭਾ' ਨੇ 26 ਜੁਲਾਈ ਦੇ ਆਪਣੇ ਸੰਪਾਦਕੀ ਲੇਖ 'ਚ ਲਿਖਿਆ — 'ਅਸੱਭਿਆ, ਪਾਸ਼ਵਿਕ, ਨਾ ਦੱਸੀ ਜਾਣ ਵਾਲ਼ੀ — ਇਹ ਬੇਹੱਦ ਸਖ਼ਤ ਸ਼ਬਦ ਹੋ ਸਕਦੇ ਹਨ, ਪਰ ਇਹ ਸ਼ਬਦ ਵੀ ਕ੍ਰਿਸ਼ਣਾ ਜ਼ਿਲ੍ਹੇ 'ਚ ਪੁਲਿਸ ਰਾਹੀਂ ਕੀਤੀ ਗਈ ਬਰਬਰ ਲੁੱਟਮਾਰ ਦਾ ਵਰਨਣ ਕਰਨ ਲਈ ਕਾਫ਼ੀ ਨਹੀਂ ਹਨ। ਹਰ ਪਿੰਡ ਤੋਂ ਇਹੀ ਭਿਆਨਕ ਅਤੇ ਨਫ਼ਰਤਯੋਗ ਕਹਾਣੀ — ਸਭ ਲੋਕਾਂ ਨੂੰ ਇਕੱਠਾ ਕਰੋ, ਅੰਨ੍ਹੇਵਾਹ ਕੁੱਟੋ, ਕੁੱਝ ਦੇ ਕੱਪੜੇ ਲਾਹ ਦਿਉ, ਉਹਨਾਂ ਨੂੰ ਗਲ਼ੀਆਂ 'ਚ ਨੰਗਾ ਘੁੰਮਾਓ। ਅਜਿਹਾ ਕੰਮ ਕਰਕੇ ਕਮਿਊਨਿਸਟਾਂ ਨੂੰ ਦਬਾਇਆ ਨਹੀਂ ਜਾ ਸਕਿਆ"(ਪੰਨਾ 170)।

"ਜ਼ੁਲਮ ਇੰਨਾ ਕਰੂਰ, ਪਾਸ਼ਵਿਕ ਅਤੇ ਬੇਲਗਾਮ ਸੀ ਕਿ ਜਿਹਨਾਂ ਕਾਂਗਰਸੀ ਲੀਡਰਾਂ ਨੇ ਖੁਦ ਆ ਕੇ ਪੁਲਿਸ ਰਾਹੀਂ ਪਿੰਡਾਂ 'ਤੇ ਛਾਪਾ ਮਾਰਨ ਦਾ ਪ੍ਰਬੰਧ ਕੀਤਾ ਸੀ, ਉਹਨਾਂ ਨੂੰ ਲੋਕਾਂ ਦੇ ਗੁੱਸੇ ਨੂੰ ਵੇਖ ਕੇ ਇਸਦੀ ਨਿੰਦਾ ਕਰਦੇ ਹੋਏ ਪ੍ਰੈਸ ਨੋਟ ਜਾਰੀ ਕਰਨਾ ਪਿਆ" (ਪੰਨਾ 171)

"ਸੇਵਾ ਦਸਤਿਆਂ (ਕਾਂਗਰਸੀ ਵਲੰਟੀਅਰ ਦਸਤਿਆਂ) ਨੂੰ ਪੈਸੇ ਵੰਡੇ ਜਾ ਰਹੇ ਸਨ ਜਿਹੜੇ ਕਿ ਪਿੰਡਾਂ 'ਚ ਛਾਪਿਆਂ ਦੌਰਾਨ ਲੁੱਟੇ ਗਏ ਸਨ। ਸ਼ਰਾਬਖੋਰ ਅਤੇ ਪੁਰਾਣੇ ਅਪਰਾਧੀ ਪਿੰਡ ਦੇ ਕਾਂਗਰਸੀ ਲੀਡਰ ਹੋ ਗਏ ਹਨ...। ਥਾਂ-ਥਾਂ ਲੁੱਟ-ਮਾਰ ਹੋ ਰਹੀ ਹੈ, ਘਰ ਲੁੱਟੇ ਜਾ ਰਹੇ ਹਨ, ਕਤਲ ਕੀਤੇ ਜਾ ਰਹੇ ਹਨ..."(ਪੰਨਾ 171)।

ਹੇਠਾਂ ਇੱਕ ਅਜਿਹੀ ਘਟਨਾ ਦਾ ਜ਼ਿਕਰ ਹੈ ਜਿਸਦੀ ਵਿਆਖਿਆ ਐੱਨ. ਜੀ. ਰੰਗਾ. ਦੇ ਭਰਾ ਗੋਗਿਨੇਨੀ ਲਕਸ਼ਮੀਰਾਇਨ ਨੇ ਕੀਤੀ ਹੈ। "ਕੇ. ਲਕਸ਼ਮੀਰਾਇਨ ਨੇ, ਜਿਹੜਾ ਕਿ ਪੁਲਸੀਆ ਜ਼ੁਲਮ ਦੇ ਸ਼ਿਕਾਰ ਸਨ, ਮੈਨੂੰ ਦੱਸਿਆ — 'ਬਾਅਦ ਦੁਪਹਿਰ 4 ਵਜੇ ਪੁਲਿਸ ਆਈ। ਉਹਨਾਂ ਨੇ ਪੁੱਛਿਆ — ਕੁੱਤੇ ਦੇ ਪੁੱਤਰ ! ਕੀ ਤੂੰ ਕਮਿਊਨਿਸਟ ਆਗੂ ਹੈਂ ? ਅਜਿਹਾ ਪੁੱਛਦੇ ਹੋਏ ਮੈਨੂੰ ਬਹੁਤ ਕੁੱਟਿਆ ਗਿਆ। ਮੈਂ ਬੇਹੋਸ਼ ਹੋ ਗਿਆ। ਉਹਨਾਂ ਨੇ ਮੇਰੇ ਘਰ ਦੇ ਖਾਧ-ਪਦਾਰਥ ਅਤੇ ਦੂਜੀਆਂ ਵਸਤੂਆਂ ਬਰਬਾਦ ਕਰ ਦਿੱਤੀਆਂ, ਸਾਰਾ ਪੈਸਾ ਲੁੱਟ ਲਿਆ ਅਤੇ ਨੱਠ ਗਏ। ਬੂਹੇ ਅਤੇ ਮੰਜਾ ਤੋੜ ਗਏ..." (ਪੰਨਾ 172)

"ਯੂ. ਪੀਚੀਰੇੱਡੀ ਨੂੰ ਬੰਦੂਕ ਦੇ ਬੱਟਾਂ ਅਤੇ ਲਾਠੀਆਂ ਨਾਲ਼ ਕੁੱਟਿਆ ਗਿਆ। ਉਹਨਾਂ ਦੀ ਸੰਪੱਤੀ ਨਸ਼ਟ ਕਰ ਦਿੱਤੀ ਗਈ। ਉਹਨਾਂ ਨੂੰ ਗ੍ਰਿਫ਼ਤਾਰ ਕਰਕੇ ਸੁੱਬਾਰੇਡੀ ਦੇ ਘਰ ਲੈ ਜਾਇਆ ਜਾਣ ਲੱਗਾ। (ਇਹ ਸੁੱਬਾਰੇੱਡੀ ਬਹੁਤ ਵੱਡਾ ਭੂਮੀ-ਮਾਲਕ ਹੈ ਅਤੇ ਇਹੀ



www.punjabibookspdf.com

ਇਹਨਾਂ ਹਮਲਿਆਂ ਦਾ ਸੂਤਰਧਾਰ ਸੀ।) ਉਦੋਂ ਸੁੱਬਾਰੇਡੀ ਰਾਹ 'ਚ ਮਿਲ਼ ਗਏ। ਪੁਲਿਸ ਅਧਿਕਾਰੀ ਨੇ ਸੁੱਬਾਰੇਡੀ ਤੋਂ ਪੁੱਛਿਆ ਕਿ ਕੀ ਤੁਸੀਂ ਸੰਤੁਸ਼ਟ ਹੋ। ਉਸਨੇ ਜਵਾਬ ਦਿੱਤਾ, 'ਨਹੀਂ, ਅਜੇ ਨਹੀਂ। ਕੁਝ ਹੋਰ ਲੋਕਾਂ ਨੂੰ ਇੱਕ ਕਤਾਰ 'ਚ ਬਿਠਾ ਕੇ ਕੁੱਟਣਾ ਚਾਹੀਦਾ ਹੈ..." (ਪੰਨਾ 172)।

"ਸੱਤ ਕਿਸਾਨਾਂ ਨੂੰ ਕੋਡੂਰ, ਵੇਲਵਾਡਮ ਅਤੇ ਗਣਪਵਾਰਮ ਦੇ ਪਿੰਡਾਂ ਤੋਂ ਜ਼ਬਰਦਸਤੀ ਚੁੱਕ ਲਿਆ ਗਿਆ ਅਤੇ ਕਥਿਤ ਤੌਰ 'ਤੇ ਉਹਨਾਂ ਨੂੰ ਮਾਇਲਾਵਾਰਮ ਦੇ ਨੇੜੇ ਬੁਚਰੇਡੀਪਾਲਮ 'ਚ ਮਾਰ ਦਿੱਤਾ ਗਿਆ। — ਚੱਲਾਪੱਲੀ ਨਰਾਇਣਰਾਓ ਅਤੇ ਤਾਤਿਆ ਨੂੰ, ਜਿਹੜਾ ਕਿ ਕੋਠਾਪਾਲਮ 'ਚ ਕਿਤੇ ਲੁਕੇ ਹੋਏ ਸਨ, ਭੂਮੀ-ਸੰਪਨ ਕੁਲੀਨਾਂ ਦੀ ਪਾਰਟੀ ਦੇ ਬੰਦਿਆਂ ਨੇ ਫੜ ਲਿਆ ਅਤੇ ਪੁਲਿਸ ਦਸਤੇ ਦੇ ਇਲਾਕਾ ਅਧਿਕਾਰੀ ਅਣਨਿਗੱਡਾ ਕੋਲ਼ ਸੌਂਪ ਦਿੱਤਾ। ਉਹਨਾਂ ਨੂੰ ਗੋਲ਼ੀ ਮਾਰ ਦਿੱਤੀ ਗਈ। ਇਸਨੂੰ ਪੁਲੀਸ ਅਤੇ ਕਮਿਊਨਿਸਟਾਂ ਦਰਮਿਆਨ ਮੁਠਭੇੜ ਦੇ ਰੂਪ 'ਚ ਰਿਪੋਰਟ ਵੀ ਕੀਤਾ ਗਿਆ।ਪਰ ਬਾਅਦ 'ਚ ਇਹ ਜਾਣਕਾਰੀ ਹਾਸਲ ਹੋਈ ਕਿ ਜਿਹਨਾਂ ਬੰਦਿਆਂ ਨੇ ਉਹਨਾਂ ਦੋਨਾਂ ਨੂੰ ਫੜਿਆ ਸੀ ਉਹਨਾਂ ਨੂੰ ਇਨਾਮ ਦਿੱਤਾ ਗਿਆ। — ਮੁੱਵਾ ਪਿੰਡ ਦੇ ਵੇਂਕਟੇਸ਼ਵਰ ਰਾਓ ਨੂੰ ਭੂਮੀ-ਸੰਪਨ ਕੁਲੀਨਾਂ ਦੀ ਪਾਰਟੀ ਦੇ ਬੰਦਿਆਂ ਰਾਹੀਂ ਫੜ ਲਿਆ ਗਿਆ ਅਤੇ ਪੇਡਾਮੁਕਤੇਵੀ ਥਾਣੇ 'ਚ ਕੁੱਟ-ਕੁੱਟ ਕੇ ਮਾਰ ਸੁੱਟਿਆ ਗਿਆ" (ਪੰਨਾ 172)।

ਇਸ ਪਿੰਡ 'ਚ ਪੁਲਿਸ ਰਾਹੀਂ ਚਾਰ ਲਾਸ਼ਾਂ ਲਿਆਂਦੀਆਂ ਗਈਆਂ ਅਤੇ ਉਹਨਾਂ ਨੇ ਮੈਜਿਸਟਰੇਟ ਨੂੰ ਦੱਸਿਆ ਕਿ 'ਮੁੱਠਭੇੜ' ਹੋਈ ਸੀ" (ਪੰਨਾ 173)।

"ਜਸਤੀ ਰਾਘਵਇਆ ਅਤੇ ਮੁੱਕਮਾਲਾ ਰਾਓ ਜਮਾਨਤ 'ਤੇ ਛੁੱਟੇ ਸਨ, ਜਿਹਨਾਂ 'ਤੇ ਕਿ ਮੁਕੱਦਮਾ ਚਲ ਰਿਹਾ ਸੀ। ਉਹ ਹਰੇਕ ਸੁਣਵਾਈ 'ਚ ਨਿਯਮਿਤ ਰੂਪ ਨਾਲ਼ ਮੌਜੂਦ ਹੁੰਦੇ ਸਨ। ਇਕ ਰਾਤ ਵਿਸ਼ੇਸ਼ ਪੁਲਿਸ ਰਾਹੀਂ ਉਹਨਾਂ ਨੂੰ ਉਹਨਾਂ ਦੇ ਘਰਾਂ ਤੋਂ ਕੱਢ ਕੇ ਕਿਸੇ ਅਣਜਾਣ ਜਗ੍ਹਾ 'ਤੇ ਲੈ ਜਾਇਆ ਗਿਆ (ਅਤੇ ਗੋਲ਼ੀ ਮਾਰ ਦਿੱਤੀ ਗਈ।)" (ਪੰਨਾ 173)।

"ਹਾਲਤ ਕਿਸੇ ਨਾ-ਕਲਪਨਾ ਕਰ ਸਕਣ ਵਾਲ਼ੀ ਹੱਦ ਤੱਕ ਵਿਗੜ ਚੁੱਕੀ ਹੈ। ਸਾਡੀ ਅਜ਼ਾਦੀ ਅਤੇ ਸਾਡੀ ਖੁਦਮੁਖਤਿਆਰੀ ਸਥਾਨਕ ਲੀਡਰਾਂ ਅਤੇ ਸਿਆਸੀ ਤਾਕਤਾਂ ਵਾਲ਼ਿਆਂ ਦੇ ਰਹਿਮ ਆਸਰੇ ਹੈ...। ਇੱਕ ਪੁਲਿਸ ਅਧਿਕਾਰੀ ਭਾਵੇਂ ਜਿੰਨੇ ਲੋਕਾਂ 'ਤੇ ਚਾਹੇ ਗੋਲ਼ੀਆਂ ਵਰ੍ਹਾ ਸਕਦਾ ਹੈ, ਉਸਦੇ ਖਿਲਾਫ਼ ਕੋਈ ਅਵਾਜ਼ ਨਹੀਂ ਉਠਾ ਸਕਦਾ। ਪੁਲਿਸ ਅਧਿਕਾਰੀ ਨੂੰ ਕਿਸੇ ਦੂਜੇ ਕਾਨੂੰਨ ਰਾਹੀਂ ਸੁਰੱਖਿਆ ਪ੍ਰਦਾਨ ਕੀਤੀ ਗਈ ਹੈ...। ਇਹਨਾਂ ਹੱਕਾਂ ਕਾਰਨ ਪੁਲਿਸ ਅਫ਼ਸਰ ਡਾਇਰ ਦੇ ਪਾਏ ਪੂਰਨਿਆਂ 'ਤੇ ਚੱਲ ਰਹੇ ਹਨ। (ਪੰਨਾ 173)

"ਅਜਿਹੀ ਸੀ ਕਾਂਗਰਸ ਦੀ ਸ਼ੈਤਾਨ ਕਾਤਲ ਹਕੂਮਤ। ਫਿਰ ਵੀ, ਭਾਰਤੀ ਸੰਘ ਦੇ ਉਪ ਪ੍ਰਧਾਨ ਮੰਤਰੀ ਸਰਦਾਰ ਪਟੇਲ ਨੇ ਕਮਿਊਨਿਸਟ ਪਾਰਟੀ 'ਤੇ ਕਤਲ, ਸਾੜ-ਫੂਕ, ਅਤੇ ਲੁੱਟ-ਮਾਰ ਦਾ ਝੂਠਾ ਦੋਸ਼ ਲਾਇਆ। ਤਾਕਤਵਰ ਸਰਦਾਰ ਜਮਹੂਰੀ ਪ੍ਰੈਸ ਬੰਦ ਕਰਨ ਦਾ ਹੁਕਮ ਦੇਣ ਅਤੇ ਲੋਕਾਂ ਦੀ ਅਵਾਜ਼ ਬੰਦ ਕਰ ਦੇਣ ਮਗਰੋਂ ਹੀ, ਕਮਿਊਨਿਸਟ ਪਾਰਟੀ ਅਤੇ ਸਾਰੀਆਂ ਵੱਡੀਆਂ ਜੱਥੇਬੰਦੀਆਂ 'ਤੇ ਰੋਕ ਲਗਾਉਣ ਮਗਰੋਂ ਹੀ, ਫਾਸਿਸਟ ਦਹਿਸ਼ਤ



www.punjabibookspdf.com

ਅਤੇ ਮੱਧਯੁੱਗੀ ਬਰਬਰ ਸਾਮਰਾਜ ਦੀ ਆਪਣੀ ਹਕੂਮਤ ਨੂੰ ਲਾਗੂ ਕਰਨ ਮਗਰੋਂ ਹੀ ਅਜਿਹਾ ਕਰ ਸਕੇ ਅਤੇ ਕੂੜ-ਪ੍ਰਚਾਰ ਲਈ ਆਪਣੀ ਰਖੇਲ ਪ੍ਰੈੱਸ ਨੂੰ ਇਸ ਤਰ੍ਹਾਂ ਦਾ ਬਿਆਨ ਦਿੱਤਾ" (ਪੰਨਾ 174)।

ਭਾਰਤੀ ਫ਼ੌਜ ਦੇ ਤੇਲੰਗਾਨਾ 'ਚ ਦਾਖਲ ਹੋਣ ਮਗਰੋਂ, ਜ਼ਿਆਦਾਤਰ ਗਰੀਬ ਲੋਕ ਬਰਬਾਦ ਹੋ ਗਏ। ਸਵਰਣ ਅਤੇ ਅਛੂਤ ਦੋਨਾਂ ਦੇ ਝੁੰਡਾਂ ਦੇ ਝੁੰਡ ਵੱਢ ਦਿੱਤੇ ਗਏ। ਫ਼ੌਜੀ ਬਰਬਰਤਾ ਨਿਯਮਿਤ ਸਰਗਰਮੀ ਦੇ ਰੂਪ 'ਚ ਚੱਲਦੀ ਰਹੀ। ਠੀਕ ਉਸੇ ਸਮੇਂ, ਅੰਬੇਡਕਰ — ਜਿਹੜੇ ਕਿ ਦਾਅਵਾ ਕਰ ਰਹੇ ਸਨ ਕਿ ਦਲਿਤ ਜਾਤਾਂ ਦਾ ਭਲਾ ਹੀ ਮੇਰਾ ਉਦੇਸ਼ ਹੈ — ਜਿਸ ਕੰਮ ਨੂੰ ਅੱਗੇ ਵਧਾ ਰਹੇ ਸਨ ਉਹ ਸੀ ਭਾਰਤ ਦੇ ਸੰਵਿਧਾਨ ਵਿਰੁੱਧ ਹਰੇਕ ਅਲੋਚਨਾ ਦੀ ਨਿਖੇਧੀ ਕਰਨਾ ਅਤੇ ਸੰਵਿਧਾਨ-ਸਭਾ 'ਚ ਇਹ ਐਲਾਨ ਕਰਦੇ ਹੋਏ ਭਾਸ਼ਣ ਦੇਣਾ ਕਿ ਇਹ ਦਸਤਾਵੇਜ ਕਿੰਨਾ ਵਧੀਆ ਹੈ।

ਕੀ ਤੁਹਾਨੂੰ ਚੇਤੇ ਹੈ ਕਿ ਅੰਬੇਡਕਰ ਨੇ ਸੰਵਿਧਾਨ ਸਭਾ 'ਚ ਕਿਹਨਾਂ ਸਵਾਲਾਂ ਦੀ ਬੁਛਾੜ ਕੀਤੀ ?

"ਲੋਕ ਕੰਗਾਲੀ ਦਾ ਨਰਕੀ ਜੀਵਨ ਜੀਅ ਰਹੇ ਹਨ ...। ਉਹਨਾਂ ਨੂੰ ਸਮਾਜਿਕ ਅਤੇ ਆਰਥਿਕ ਬਰਾਬਰੀ ਦੀ ਲੋੜ ਹੈ...। ਅਸੀਂ ਇਹਨਾਂ ਵਿਰੋਧਤਾਈਆਂ ਨੂੰ ਕਦੋਂ ਤੱਕ ਜਾਰੀ ਰੱਖਾਂਗੇ ?" ਕੀ ਉਹ ਵੀ ਤੁਹਾਨੂੰ ਚੇਤੇ ਹੈ ਜਿਹੜਾ ਉਹਨਾਂ ਨੇ ਦੂਜੇ ਮੌਕਿਆਂ 'ਤੇ ਉਪਦੇਸ਼ ਦਿੱਤੇ, 'ਦਲਿਤ ਜਮਾਤਾਂ ਦੇ ਕੋਲ਼ ਜ਼ਮੀਨ ਨਹੀਂ ਹੈ। ਜ਼ਮੀਨ ਉੱਚ ਜਾਤਾਂ 'ਚ ਹੈ, ਜਿਹੜਾ ਕਿ ਉਹਨਾਂ ਦਾ ਸੰਦ ਹੈ। ਦਲਿਤ ਜਮਾਤਾਂ ਨੂੰ ਸਿਆਸੀ ਤਾਕਤ ਹਾਸਲ ਕਰਨੀ ਚਾਹੀਦੀ ਹੈ' ?

ਜਦੋਂ ਪੇਂਡੂ ਇਲਾਕੇ ਦੇ ਗਰੀਬ ਲੋਕ ਆਪਣੀ ਗਰੀਬੀ ਤੋਂ ਛੁਟਕਾਰਾ ਹਾਸਲ ਕਰਨ ਲਈ ਆਪਣਾ ਜੀਵਨ ਦਾਅ 'ਤੇ ਲਗਾ ਦਿੰਦੇ ਹਨ, ਤਾਂ ਇਸ 'ਚ ਕੋਈ ਹੈਰਾਨੀ ਨਹੀਂ ਹੈ ਕਿ ਲੋਟੂ ਸੱਤ੍ਹਾ ਲੋਕਾਂ 'ਤੇ ਜ਼ਬਰ ਕਰਨ ਦਾ ਯਤਨ ਕਰੇਗੀ। ਲੋਟੂ ਜਮਾਤ ਦੂਜਿਆਂ 'ਤੇ ਜ਼ਬਰ ਕਰਨ ਤੋਂ ਖੁਦ ਨੂੰ ਨਹੀਂ ਰੋਕ ਸਕਦੀ ਹੈ। ਪਰ ਸਾਡਾ ਸਰੋਕਾਰ ਹਕੂਮਤ ਨਾਲ਼ ਨਹੀਂ ਹੈ। ਸਾਡਾ ਅੰਬੇਡਕਰ ਨਾਲ਼ ਹੈ! ਕੀ ਉਸ ਅੰਬੇਡਕਰ ਨੂੰ ਇਹ ਨਹੀਂ ਪਤਾ ਸੀ ਕਿ ਭਾਰਤੀ ਫ਼ੌਜ ਤੇਲੰਗਾਨਾ ਦੇ ਪਿੰਡਾਂ 'ਚ ਕੀ ਕਰ ਰਹੀ ਹੈ ਜਿਸ ਅੰਬੇਦਕਰ ਨੇ ਬੁੱਧ ਦੀ ਅਹਿੰਸਾ, ਬੀਤੇ ਦੇ ਹਿੰਦੂ ਰਾਜਿਆਂ ਦੇ ਲੋਕਤੰਤਰ ਅਤੇ ਲਹੂ-ਰਹਿਤ ਅਜ਼ਾਦੀ ਅਤੇ ਭਾਈਚਾਰੇ 'ਤੇ ਲੰਮਾ-ਚੌੜਾ ਭਾਸ਼ਣ ਦਿੱਤਾ ਸੀ ?

ਇਹਨਾਂ ਅਨੁਸਾਰ ਸਾਰੇ ਦੇਸ਼ਵਾਸੀਆਂ ਨੂੰ 'ਕਾਨੂੰਨ' ਮੁਤਾਬਿਕ ਕਾਰਜ ਕਰਨਾ ਚਾਹੀਦਾ ਹੈ। ਉਹਨਾਂ ਨੂੰ ਇਸਦੀ ਉਲੰਘਣਾ ਨਹੀਂ ਕਰਨੀ ਚਾਹੀਦੀ। ਇਸਦਾ ਮਤਲਬ ਇਹ ਹੈ ਕਿ ਜੇਕਰ ਗਰੀਬਾਂ ਨੂੰ ਜ਼ਮੀਨ ਚਾਹੀਦੀ ਹੈ ਤਾਂ ਉਹਨਾਂ ਨੂੰ ਪੈਸੇ ਨਾਲ਼ ਖਰੀਦਣੀ ਪਵੇਗੀ, ਪਰ 'ਜਮਾਤੀ ਸੰਘਰਸ਼' ਦੇ ਨਾਂ 'ਤੇ ਧਨਾਢ ਜਮਾਤ ਖਿਲਾਫ਼ ਸੰਘਰਸ਼ ਨਹੀਂ ਕਰਨਾ ਚਾਹੀਦਾ ਹੈ। ਇਹ ਗੈਰ-ਕਾਨੂੰਨੀ ਹੋਵੇਗਾ।

ਲੋਕਾਂ ਨੂੰ ਦੇਸ਼ ਦੀ ਸੇਵਾ ਕਰਨੀ ਚਾਹੀਦੀ ਹੈ ਅਤੇ ਖੂਨ ਦੀ ਆਖਰੀ ਬੂੰਦ ਤਕ ਦੇਸ਼



www.punjabibookspdf.com

ਦੀ ਅਜ਼ਾਦੀ ਦੀ ਰੱਖਿਆ ਕਰਨੀ ਚਾਹੀਦੀ ਹੈ। ਜੇਕਰ ਉਹ ਦੂਜਿਆਂ ਦੀ ਸੰਪੱਤੀ 'ਤੇ ਹੱਕ ਜਤਾਉਣ ਵਰਗਾ ਕਾਰਜ ਕਰਨਗੇ ਤਾਂ ਸਰਕਾਰ ਨੂੰ ਉਹਨਾਂ ਵਿਰੁੱਧ ਸੰਵਿਧਾਨ ਅਨੁਰੂਪ ਕਾਰਵਾਈ ਕਰਨੀ ਹੋਵੇਗੀ। ਸਰਕਾਰ ਨੂੰ ਛੋਟੇ-ਮੋਟੇ ਕਾਰਨਾਂ ਕਰਕੇ ਲੋਕਾਂ ਵਿਰੁੱਧ ਵਾਰੀ-ਵਾਰੀ ਪੁਲਿਸ ਨਹੀਂ ਭੇਜਣੀ ਚਾਹੀਦੀ ਪਰ ਅਜਿਹੀ ਗੰਭੀਰ ਹਾਲਤ 'ਚ ਵੀ ਪੁਲਿਸ ਦੀ ਵਰਤੋਂ ਨਾ ਕਰਨ ਤਾਂ ਕੀ ਕਰਨ ? ਸੰਵਿਧਾਨ ਅਨੁਸਾਰ, ਧਨਾਢ ਜਮਾਤ ਦੀਆਂ ਸੰਪੱਤੀਆਂ ਦੀ ਸੁਰੱਖਿਆ ਕਰਨ ਲਈ ਸਰਕਾਰ ਮਜ਼ਬੂਰ ਹੈ। ਬਿਨਾਂ ਹਰਜਾਨੇ ਚੁਕਾਏ ਉਹਨਾਂ ਦੀ ਭੂਮੀ ਨਹੀਂ ਲੈਣ ਦਿੱਤੀ ਜਾਵੇਗੀ। ਇਸ ਲਈ, ਲੋਕਾਂ 'ਤੇ ਜ਼ਬਰ ਕਰਨ ਤੋਂ ਇਲਾਵਾ ਸਰਕਾਰ ਕੋਲ਼ ਕੋਈ ਚਾਰਾ ਨਹੀਂ ਹੈ। ਇਸਨੇ ਆਪਣਾ ਕੰਮ ਕੀਤਾ — ਇਹ ਅੰਬੇਡਕਰ ਦਾ ਵਿਚਾਰ ਹੈ।

ਇਸ ਲਈ ਆਪਣੀ ਸਰਕਾਰ ਦੀ ਰਹਿਨੁਮਾਈ 'ਤੇ ਫ਼ੌਜ ਦੇ ਜ਼ੁਲਮ ਨਾਲ਼ ਉਹ ਜ਼ਰਾ ਵੀ ਭਟਕੇ ਨਹੀਂ ਸਨ। ਉਹ ਲੋਕਤੰਤਰ ਦੀ ਰੱਖਿਆ ਦੇ ਨਾਂ 'ਤੇ ਸਰਕਾਰ ਦੇ ਸਮਰਥਨ 'ਚ ਖੜ੍ਹੇ ਹੋ ਗਏ। ਆਪਣਾ ਮੰਤਰੀ ਦਾ ਅਹੁੱਦਾ ਛੱਡੇ ਬਿਨਾਂ ਉਹ ਸਰਕਾਰ 'ਚ ਬੇਝਿਜਕ ਬਣੇ ਰਹੇ।

## 3) ਕਾਂਗਰਸ ਤੋਂ ਦੂਰੀ !

ਜਦੋਂ ਅੰਬੇਡਕਰ ਦਾ ਕਾਂਗਰਸ ਪ੍ਰਤੀ ਸਮਰਪਣ ਦਾ ਦ੍ਰਿਸ਼ ਪੂਰਾ ਹੋ ਗਿਆ, ਤਾਂ ਅੰਬੇਡਕਰ ਪ੍ਰਤੀ ਕਾਂਗਰਸ ਦਾ ਝੁਕਾਅ ਖਤਮ ਹੋ ਗਿਆ। ਅੰਬੇਡਕਰ ਨੂੰ ਮਨਪਸੰਦ ਮਹਿਕਮਾ ਮਿਲ਼ਣ ਦੇ ਕੋਈ ਲੱਛਣ ਨਹੀਂ ਸਨ। ਹੋਰ ਤਾਂ ਹੋਰ, ਕਿਸੇ ਨਵੀਂ ਗਠਿਤ ਕਮੇਟੀ 'ਚ ਵੀ ਉਹਨਾਂ ਨੂੰ ਨਹੀਂ ਲਿਆ ਗਿਆ।

ਚਾਰ ਵਰ੍ਹਿਆਂ ਤੱਕ ਬੇਹੱਦ ਧੀਰਜ ਅਤੇ ਨਵੀਆਂ ਉਮੀਦਾਂ ਨਾਲ਼ ਇੰਤਜ਼ਾਰ ਕਰਦੇ ਰਹੇ, ਕਰਦੇ ਰਹੇ, ਕਰਦੇ ਰਹੇ। ਪਰ, ਉਹ ਕਦ ਤੱਕ ਇੰਤਜ਼ਾਰ ਕਰਦੇ ਰਹਿੰਦੇ ? ਜਦ ਉਮੀਦਾਂ ਖਤਮ ਹੋ ਜਾਂਦੀਆਂ ਹਨ, ਜਾਂ ਜੇਕਰ ਇੱਕ ਤੇਲਗੂ ਅਖਾਣ ਦੀ ਵਰਤੋਂ ਕਰੀਏ ਤਾਂ ਉਮੀਦਾਂ ਜਦੋਂ ਤਲ 'ਤੇ ਬੈਠ ਜਾਂਦੀਆਂ ਹਨ, ਤਾਂ ਆਦਮੀ ਦਾ ਧੀਰਜ ਵੀ ਮਰ ਜਾਂਦਾ ਹੈ, ਜਾਂ ਕਿ ਨਹੀਂ ? ਅੰਤ 'ਚ, ਉਹ ਨਿਰਾਸ਼ ਹੋ ਗਏ ਅਤੇ 27 ਸਤੰਬਰ, 1955 ਨੂੰ ਕਾਨੂੰਨ ਮੰਤਰੀ ਦੇ ਅਹੁੱਦੇ ਤੋਂ ਅਸਤੀਫਾ ਦੇ ਦਿੱਤਾ।

ਅਜਿਹੇ ਮਾਮਲਿਆਂ 'ਚ ਆਮ ਤੌਰ 'ਤੇ ਪ੍ਰਧਾਨ ਮੰਤਰੀ ਅਸਤੀਫਾ ਵਾਪਸ ਲੈਣ ਦੀ ਬੇਨਤੀ ਕਰਦੇ ਹਨ। ਪਰ ਇੱਥੇ ਅਜਿਹਾ ਕੁਝ ਨਹੀਂ ਹੋਇਆ।

ਅੰਬੇਡਕਰ ਨੇ ਇੱਕ ਬਿਆਨ ਜਾਰੀ ਕੀਤਾ ਜਿਸ 'ਚ ਉਹਨਾਂ ਨੇ ਦੱਸਿਆ ਕਿ ਉਹਨਾਂ ਨੂੰ ਅਸਤੀਫਾ ਕਿਉਂ ਦੇਣਾ ਪਿਆ। ਅੰਬੇਡਕਰ ਦਾ ਇਹ ਬਿਆਨ ਉਹਨਾਂ ਦੀਆਂ ਲਿਖਤਾਂ ਦੇ ਕਿਸੇ ਵੀ ਭਾਗ 'ਚ ਮੈਨੂੰ ਨਹੀਂ ਮਿਲ਼ਿਆ। ਇਸ ਲਈ ਇਹ ਵੇਰਵੇ ਮੈਂ **ਯੇਂਦਲੂਰੀ** ਦੀ ਤੇਲਗੂ ਕਿਤਾਬ "**ਡਾ. ਅੰਬੇਡਕਰ ਜੀਵਤ ਚਰਿੱਤਰ**" (ਡਾ. ਅੰਬੇਡਕਰ ਦਾ ਜੀਵਨ ਚਰਿੱਤਰ) ਦੇ ਪੰਨੇ 358 'ਤੇ ਅੰਕਿਤ ਚੈਪਟਰ 'ਅਸਤੀਫਾ' ਤੋਂ ਲੈ ਰਹੀ ਹਾਂ। ਸ਼੍ਰੀ ਯੇਂਦਲੂਰੀ ਨੇ ਇਹ ਤਰੀਕ 27-09-1951 ਦੇ '**ਦਿ ਹਿੰਦੂ**' ਤੋਂ ਲਿਆ ਹੈ।



www.punjabibookspdf.com

ਅੰਬੇਡਕਰ ਨੇ ਆਪਣੇ ਅਸਤੀਫੇ ਦੇ 4 ਕਾਰਨਾਂ ਦਾ ਵਰਨਣ ਕੀਤਾ ਹੈ।

ਸਭ ਤੋਂ ਪਹਿਲਾਂ ਕਾਰਨ ਇਹ ਹੈ ਕਿ ਉਹਨਾਂ ਨੂੰ ਮਨਚਾਹਿਆ ਮਹਿਕਮਾ ਨਹੀਂ ਮਿਲ਼ਿਆ।

ਦੂਜੀ ਵਜ੍ਹਾ — ਸਰਕਾਰ ਨੇ ਦਲਿਤ ਜਮਾਤਾਂ ਦੇ ਮਾਮਲੇ 'ਚ ਸੁਰੱਖਿਆ ਦਾ ਸਮੁੱਚੇ ਰੂਪ 'ਚ ਪ੍ਰਬੰਧ ਨਹੀਂ ਕੀਤਾ।

ਤੀਜੀ ਵਜ੍ਹਾ — ਸਰਕਾਰ ਦੀ ਵਿਦੇਸ਼ ਨੀਤੀ ਉਹਨਾਂ ਨੂੰ ਸਵੀਕਾਰ ਨਹੀਂ ਸੀ।

ਚੌਥੀ ਵਜ੍ਹਾ — ਮੰਤਰੀਆਂ ਨੂੰ ਜਿਸ ਤਰ੍ਹਾਂ ਕਮੇਟੀਆਂ ਦੇ ਫੈਸਲਿਆਂ ਦਾ ਨੌਕਰ ਮੰਨਿਆ ਜਾਂਦਾ ਸੀ, ਉਹ ਉਹਨਾਂ ਨੂੰ ਪਸੰਦ ਨਹੀਂ ਸੀ। (ਓਹ, ਇਸਦਾ ਅਰਥ ਇਹ ਹੁੰਦਾ ਹੈ ਕਿ ਤੇਲੰਗਾਨਾ 'ਤੇ ਕੀਤੇ ਗਏ ਜ਼ੁਲਮ ਉਹਨਾਂ ਨੂੰ ਪਸੰਦ ਸਨ!) ਅੰਬੇਡਕਰ ਨੇ ਆਪਣੇ ਅਸਤੀਫੇ ਦੇ ਇਹ ਚਾਰ ਕਾਰਨ ਦੱਸੇ।

ਦੂਸਰੀ ਵਜ੍ਹਾ ਦਾ ਖੁਲਾਸਾ ਕਰਦੇ ਹੋਏ ਉਹਨਾਂ ਨੇ ਕਿਹਾ, "ਜਵਾਨੀ ਤੋਂ ਲੈ ਕੇ ਮੇਰਾ ਪੂਰਾ ਜੀਵਨ ਦਲਿਤ ਜਮਾਤਾਂ ਦੀ ਸੇਵਾ 'ਚ ਸਮਰਪਿਤ ਰਿਹਾ ਹੈ"। ਪਰ ਦਲਿਤ ਜਾਤਾਂ ਪ੍ਰਤੀ ਸਰਕਾਰ ਦੀ ਅਣਦੇਖੀ ਅੰਬੇਡਕਰ ਦੇ ਅਸੰਤੋਖ਼ ਦੀ ਪ੍ਰਮੁੱਖ ਵਜ੍ਹਾ ਨਹੀਂ ਹੋ ਸਕਦੀ ਸੀ।

ਪਹਿਲੀ ਵਜ੍ਹਾ ਦਾ ਖੁਲਾਸਾ ਬਹੁਤ ਵਿਲੱਖਣ ਸੀ ਅਤੇ ਜਿਸ ਵਜ੍ਹਾ ਕਰਕੇ ਉਹਨਾਂ ਨੇ ਕਾਨੂੰਨ ਮਹਿਕਮੇ ਨੂੰ ਪਸੰਦ ਨਹੀਂ ਕੀਤਾ ਅਤੇ ਜਿਸ ਵਜ੍ਹਾ ਕਰਕੇ ਅਸਤੀਫੇ ਦੇ ਇੱਕ ਵਰ੍ਹੇ ਮਗਰੋਂ ਉਸੇ ਕਾਨੂੰਨ ਮਹਿਕਮੇ ਬਾਰੇ ਉਹਨਾਂ ਨੇ ਜੋ ਕੁਝ ਕਿਹਾ ਉਹਨਾਂ ਵਿੱਚ ਕੋਈ ਸਮਰੂਪਤਾ ਨਹੀਂ ਸੀ!

"ਮੈਂ ਇਸ ਤੱਥ ਨੂੰ ਸਮਝ ਸਕਦਾ ਹਾਂ ਕਿ ਕੇਂਦਰੀ ਮੰਤਰੀ ਮੰਡਲ 'ਚ ਕਾਨੂੰਨ ਮੰਤਰਾਲੇ ਦਾ ਮਹੱਤਵ ਬਹੁਤ ਘੱਟ ਹੈ, ਉਹਨਾਂ ਦਿਨਾਂ 'ਚ ਵੀ ਘੱਟ ਸੀ ਜਦੋਂ ਮੈਂ ਵਾਇਸਰਾਏ ਦੀ ਕਾਰਜਕਾਰਣੀ 'ਚ ਮੈਂਬਰ ਦੇ ਰੂਪ 'ਚ ਸੇਵਾ ਕੀਤੀ। ਇਸ ਤੋਂ ਛੁੱਟ, ਸਰਕਾਰੀ ਨੀਤੀਆਂ ਬਣਾਉਣ 'ਚ ਕਾਨੂੰਨ ਮੰਤਰੀ ਦਾ ਰੋਲ ਬਹੁਤ ਸੀਮਤ ਹੁੰਦਾ ਹੈ। ਕਾਨੂੰਨ ਮੰਤਰੀ ਦੇ ਅਹੁੱਦੇ 'ਤੇ ਕਿਸੇ ਬਹੁਤ ਤਜ਼ਰਬੇਕਾਰ ਵਕੀਲ ਨੂੰ ਹੋਣਾ ਚਾਹੀਦਾ ਹੈ, ਜਿਹੜੇ ਤਰ੍ਹਾਂ-ਤਰ੍ਹਾਂ ਦੇ ਉਤਰਾਅ-ਚੜ੍ਹਾਅ ਦੇ ਤਜ਼ਰਬਿਆਂ ਤੋਂ ਜਾਣੂ ਹਨ। ਇਸ ਲਈ ਇਸ ਕਾਨੂੰਨ ਮੰਤਰਾਲੇ ਨੂੰ ਖਾਲੀ ਸਾਬਣਦਾਨੀ ਕਹਿਣਾ ਆਮ ਗੱਲ ਹੈ। (ਯੇਂਦਲੂਰੀ, ਪੰਨਾ 361)।

ਜਿਸ ਅੰਬੇਡਕਰ ਨੇ ਸਾਲ ਕੁ ਪਹਿਲਾਂ ਕਾਨੂੰਨ ਮਹਿਕਮੇ ਨੂੰ ਖਾਲੀ ਸਾਬਣਦਾਨੀ ਦੱਸਿਆ ਸੀ, ਓਹੀ 22 ਦਿੰਸਬਰ, 1952 ਨੂੰ ਪੂਨਾ 'ਚ ਇੱਕ ਮੀਟਿੰਗ 'ਚ ਬੋਲਦੇ ਸਮੇਂ ਕਾਨੂੰਨ ਮਹਿਕਮੇ ਦੀ ਇਹ ਕਹਿਕੇ ਤਾਰੀਫ਼ ਕਰ ਰਹੇ ਸਨ ਕਿ ਇਹ ਕਿਸ ਤਰ੍ਹਾਂ ਇੱਕ ਵੱਡੀ ਜਿੰਮੇਵਾਰੀ ਦੀ ਪਾਲਣਾ ਕਰ ਰਿਹਾ ਹੈ ਅਤੇ ਉਹ ਲੋਕਤੰਤਰ ਨੂੰ ਕਿਵੇਂ ਕਾਇਮ ਰੱਖ ਸਕਦਾ ਹੈ। ਉਹਨਾਂ ਦਾ ਕਹਿਣਾ ਸੀ ਕਿ ਲੋਕਤੰਤਰ ਤਾਂ ਹੀ ਕਾਇਮ ਰਹਿ ਸਕਦਾ ਹੈ ਜਦੋਂ ਸਾਰੇ ਲੋਕ ਕਾਨੂੰਨ ਦੀ ਪਾਲਣਾ ਕਰਨ।

"ਕਾਨੂੰਨ ਮੰਤਰਾਲੇ ਦਾ ਇਹ ਕੰਮ ਹੁੰਦਾ ਹੈ ਕਿ ਉਹ ਦੇਖੇ ਕਿ ਜਮਹੂਰੀ ਸਮਾਜ 'ਚ ਸਾਰਿਆਂ ਨੂੰ ਨਿਆਂ, ਬਰਾਬਰੀ ਅਤੇ ਅਜ਼ਾਦੀ ਅਧਿਕਾਰ ਦੇ ਰੂਪ 'ਚ ਹਾਸਲ ਹੋਵੇ" (ਯੇਂਦਲੂਰੀ,



www.punjabibookspdf.com

ਪੰਨਾ 373)

ਤਾਂ ਇਹ ਸੀ ਉਹਨਾਂ ਰਾਹੀਂ ਕੀਤੀ ਗਈ ਕਾਨੂੰਨ ਮੰਤਰਾਲੇ ਦੀ ਤਾਰੀਫ਼। (ਫਿਰ ਉਹਨਾਂ ਨੇ ਅਜਿਹੇ ਮੰਤਰਾਲੇ ਨੂੰ ਪਸੰਦ ਕਿਉਂ ਨਹੀਂ ਕੀਤਾ ?) ਕਿਸੇ ਨਿਰਾਰਥਕ ਮੰਤਰਾਲੇ ਦੀ ਮਹਾਨਤਾ ਕੀ ਉਸ ਮੰਤਰਾਲੇ ਨੂੰ ਗੁਆ ਦੇਣ ਅਤੇ ਬਿਨਾਂ ਕਿਸੇ ਅਹੁੱਦੇ 'ਤੇ ਰਹਿਣ ਮਗਰੋਂ ਹੌਲ਼ੀ-ਹੌਲ਼ੀ ਪ੍ਰਗਟ ਹੋਈ ? ਨਹੀਂ ਤਾਂ "ਖਾਲੀ ਸਾਬਣਦਾਨੀ" ਲਈ ਇਹ ਕਿਵੇਂ ਸੰਭਵ ਸੀ ਕਿ ਉਸਨੂੰ ਇੰਨੀ ਮਹਾਨਤਾ ਹਾਸਲ ਹੋ ਜਾਵੇ ?

ਇਸ ਮਾਨਵਵਾਦੀ ਨੂੰ — ਜੋ ਨਿਆਂ, ਬਰਾਬਰੀ, ਲੋਕਤੰਤਰ ਅਤੇ ਸਭ ਕੁਝ ਸਭ ਲੋਕਾਂ ਨੂੰ ਉਪਲੱਬਧ ਕਰਾਉਣ ਲਈ ਚਿੰਤਤ ਹੈ — (ਅਸਤੀਫਾ ਦੇਣ ਦਾ) ਉਸ ਸਮੇਂ ਕੋਈ ਕਾਰਨ ਨਹੀਂ ਮਿਲ਼ਿਆ ਜਦੋਂ ਤੇਲੰਗਾਨਾ ਦੇ ਲੋਕਾਂ 'ਤੇ ਫ਼ੌਜ ਦਾ ਬਰਬਰ ਜ਼ੁਲਮ ਹੋ ਰਿਹਾ ਸੀ। 'ਆਪਣੀ ਪਸੰਦ ਦਾ ਮੰਤਰਾਲਾ ਨਾ ਮਿਲ਼ਣਾ' ਹੀ ਸੱਤ੍ਹਾ ਛੱਡਣ ਦਾ ਮਜ਼ਬੂਤ ਕਾਰਨ ਸੀ !

ਇਸ ਤਰ੍ਹਾਂ ਅੰਬੇਡਕਰ ਨੇ ਕਾਂਗਰਸ ਪ੍ਰਤੀ ਵਿਰੋਧ ਘੜ ਲਿਆ ਕਿਉਂਕਿ ਉਹਨਾਂ ਨੇ ਕੇਂਦਰੀ ਮੰਤਰੀ ਮੰਡਲ ਤੋਂ ਆਪਣਾ ਮੰਤਰੀ ਅਹੁੱਦਾ ਛੱਡ ਦਿੱਤਾ ਸੀ। ਜਿਹੜੀ ਕਾਂਗਰਸ ਪਾਰਟੀ ਕੱਲ਼ ਤੱਕ ਬਹੁਤ ਅਨੁਸ਼ਾਸਨ ਵਾਲ਼ੀ ਪਾਰਟੀ ਸੀ, ਹੁਣ ਉਹ ਅਰਾਜਕ ਪਾਰਟੀ ਹੋ ਗਈ ! ਅੰਬੇਡਕਰ ਦੀ ਮੁਕਾਬਲੇਬਾਜ਼ੀ ਦੀ ਤੇਜ਼ੀ ਜਿਹੜੀ ਨਹਿਰੂ ਦੀਆਂ ਨੀਤੀਆਂ ਦੀ ਅਲੋਚਨਾ ਕਰਨ ਤੋਂ ਸ਼ੁਰੂ ਹੋਈ, ਸੰਵਿਧਾਨ ਦੀ ਨਿੰਦਾ ਕਰਨ ਦੀ ਹੱਦ ਤੱਕ ਪਹੁੰਚੀ ਗਈ।

## 4) 'ਇਸ ਸੰਵਿਧਾਨ ਨੂੰ ਫੂਕਣ ਵਾਲ਼ਾ ਮੈਂ ਪਹਿਲਾ ਵਿਅਕਤੀ ਹੋਵਾਂਗਾ' : ਅੰਬੇਡਕਰ

1952 ਨੂੰ ਅੰਬੇਡਕਰ ਰਾਜ ਸਭਾ ਦੇ ਮੈਂਬਰ ਬਣੇ। 1953 'ਚ ਰਾਜ ਸਭਾ 'ਚ 'ਆਂਧਰਾ ਰਾਜ ਸਭਾ ਦੇ ਬਿਲ' 'ਤੇ ਬੋਲਦੇ ਹੋਏ ਅੰਬੇਡਕਰ ਨੇ ਇਸ ਗੱਲ ਲਈ ਬਿਲ ਦੀ ਅਲੋਚਨਾ ਕੀਤੀ ਸੀ ਕਿ ਇਸ 'ਚ ਘੱਟ-ਗਿਣਤੀਆਂ ਦੇ ਹੱਕਾਂ ਲਈ ਕੋਈ ਸੁਰੱਖਿਆ ਉਪਾਅ ਨਹੀਂ ਸਨ। ਉਸੇ ਭਾਸ਼ਣ 'ਚ ਉਹਨਾਂ ਨੇ ਸੰਵਿਧਾਨ ਦੀ ਵੀ ਅਲੋਚਨਾ ਕੀਤੀ ਸੀ।

ਇਹ ਜਾਣਕਾਰੀ ਅੰਬੇਡਕਰ ਦੀਆਂ ਲਿਖਤਾਂ ਦੇ ਭਾਗਾਂ 'ਚ ਉਪਲੱਬਧ ਨਹੀਂ ਹੈ। ਇਹ ਮੈਂ **ਬੀ. ਵਿਜੈਭਾਰਤੀ** ਦੀ ਤੇਲਗੂ ਕਿਤਾਬ ਤੋਂ ਲੈ ਰਹੀ ਹਾਂ। ਇਸ ਕਿਤਾਬ ਤੋਂ ਸਾਨੂੰ ਅੰਬੇਡਕਰ ਦੇ ਉਸ ਕਥਨ ਦੀ ਜਾਣਕਾਰੀ ਮਿਲ਼ਦੀ ਹੈ ਜਿਹੜੀ ਉਹਨਾਂ ਨੇ ਸੰਵਿਧਾਨ ਦੇ ਸੰਦਰਭ 'ਚ ਕਹੀ ਸੀ—

> "ਸਾਰੇ ਲੋਕ ਮੈਨੂੰ ਸੰਵਿਧਾਨ ਘਾੜ੍ਹਾ ਕਹਿੰਦੇ ਹਨ। ਅਸਲ 'ਚ, ਮੈਨੂੰ ਬਹੁਤ ਸਾਰੀਆਂ ਗੱਲਾਂ ਆਪਣੀਆਂ ਇੱਛਾਵਾਂ ਵਿਰੁੱਧ ਲਿਖਣੀਆਂ ਪਈਆਂ ਸਨ। ਹੁਣ ਮੈਂ ਉਸ ਸੰਵਿਧਾਨ ਤੋਂ ਸੰਤੁਸ਼ਟ ਨਹੀਂ ਹਾਂ ਜਿਸਨੂੰ ਮੈਂ ਖੁਦ ਲਿਖਿਆ। ਮੈਂ ਪਹਿਲਾ ਵਿਅਕਤੀ ਹੋਵਾਂਗਾ ਜਿਹੜਾ ਇਸਨੂੰ ਫੂਕਣ ਲਈ ਅੱਗੇ ਆਵੇਗਾ। ਇਹ ਸੰਵਿਧਾਨ ਕਿਸੇ ਲਈ ਵੀ ਲਾਹੇਵੰਦ ਨਹੀਂ ਹੈ" (ਪੰਨਾ 211)।



www.punjabibookspdf.com

ਉਸੇ ਵਿਅਕਤੀ ਦੇ ਮੂੰਹ ਤੋਂ ਕੀ ਇੰਨੇ ਉਲਟ ਤਰਕ ਦੀ ਕਲਪਨਾ ਕੀਤੀ ਜਾ ਸਕਦੀ ਹੈ ? ਪਹਿਲਾਂ ਹੀ ਦੇਖ ਲਿਆ ਹੈ ਕਿ ਇਸਦੀ ਰੂਪ-ਰੇਖਾ ਕਿਸਨੇ ਤਿਆਰ ਕੀਤੀ ਅਤੇ ਕਿਵੇਂ ਅੰਤਿਮ ਰੂਪ ਦਿੱਤਾ ਗਿਆ। ਉਹਨਾਂ ਨੂੰ ਇਹ ਕਹਿਣਾ ਚਾਹੀਦਾ ਹੈ ਕਿ "ਉਹ ਸੰਵਿਧਾਨ ਜਿਸਨੂੰ 7-ਮੈਂਬਰੀ ਕਮੇਟੀ ਨੇ ਲਿਖਿਆ"। ਇਹ ਕਿਉਂ ਕਹੋ ਕਿ 'ਸੰਵਿਧਾਨ ਜਿਸਨੂੰ ਮੈਂ ਲਿਖਿਆ'!

'ਸੰਵਿਧਾਨ 'ਚ ਬਹੁਤ-ਕੁਝ ਮੈਨੂੰ ਆਪਣੀ ਇੱਛਾ ਦੇ ਵਿਰੁੱਧ ਲਿਖਣਾ ਪਿਆ' — ਇਸ ਤੋਂ ਅੰਬੇਡਕਰ ਦਾ ਕੀ ਮਤਲਬ ਹੈ ਕਿ — 'ਅਸੀਂ ਬਹੁਮਤ ਦੇ ਅਧਾਰ 'ਤੇ ਸੰਵਿਧਾਨ ਤਿਆਰ ਕੀਤਾ। ਮੇਰੇ ਇੱਕਲੇ ਦੇ ਫੈਸਲੇ ਨਾਲ਼ ਅਜਿਹਾ ਨਹੀਂ ਕੀਤਾ ਜਾ ਸਕਦਾ ਸੀ, ਜਾਂ ਕੀਤਾ ਜਾ ਸਕਦਾ ਸੀ ? ਬਹੁਮਤ ਜਿਸ ਗੱਲ ਦਾ ਫੈਸਲਾ ਕਰਦਾ ਹੈ ਉਹ ਮੈਨੂੰ ਸਵੀਕਾਰ ਕਰਨਾ ਚਾਹੀਦਾ ਸੀ ਕਿ ਨਹੀਂ ?

ਇੱਥੇ ਕਈ ਗੱਲਾਂ ਉੱਭਰ ਕੇ ਸਾਹਮਣੇ ਆਉਂਦੀਆਂ ਹਨ। ਸੰਵਿਧਾਨ ਦੇ ਮੌਲਿਕ ਦ੍ਰਿਸ਼ਟੀਕੋਣਾਂ ਬਾਰੇ ਮੈਂਬਰਾਂ ਦੇ ਬਹੁਮਤ ਅਤੇ ਅੰਬੇਡਕਰ ਦੇ ਵਿਚਾਰਾਂ 'ਚ ਕੋਈ ਮਤਭੇਦ ਨਹੀਂ ਹੈ। ਜੇਕਰ ਕੋਈ ਮਤਭੇਦ ਹੁੰਦਾ ਵੀ ਤਾਂ ਉਹ ਸਤਹੀ ਮੁੱਦੇ ਹੁੰਦੇ। ਜੇਕਰ ਬੁਨਿਆਦੀ ਮੁੱਦਿਆਂ ਨੂੰ ਲੈ ਕੇ ਮਤਭੇਦ ਹੁੰਦੇ ਤਾਂ ਉਹ ਵਿਅਕਤੀ ਇਸ ਕੰਮ 'ਚ ਹੱਥ ਵੀ ਮਾਰਦਾ ? ਉਹ ਇਸ ਨਾਲ਼ ਸਹਿਮਤ ਨਹੀਂ ਹੁੰਦਾ। ਇਸ ਲਈ, ਕਾਂਗਰਸ ਛੱਡਣ ਮਗਰੋਂ ਇਹ ਕਹਿਣਾ ਇੱਕ ਵਿਅਰਥ ਤਰਕ ਹੈ ਕਿ, 'ਸੰਵਿਧਾਨ 'ਚ ਕਈ ਗੱਲਾਂ ਮੈਨੂੰ ਪੰਸਦ ਨਹੀਂ ਸਨ'।

ਜਦੋਂ ਕੋਈ ਵਿਅਕਤੀ ਖੁਦ ਨੂੰ ਕਿਸੇ ਸਮੂਹਿਕ ਸਰਗਰਮੀ ਨਾਲ਼ ਆਪਣੀ ਮਰਜ਼ੀ ਨਾਲ਼ ਜੋੜ ਲੈਂਦਾ ਹੈ ਤਾਂ ਉਸਨੂੰ ਬਹੁਮਤ ਦੇ ਫੈਸਲੇ ਅਨੁਸਾਰ ਹੀ ਕੰਮ ਕਰਨਾ ਹੁੰਦਾ ਹੈ। ਇਹੀ ਸਹੀ ਤਰੀਕਾ ਹੈ। ਅੰਬੇਡਕਰ ਨੇ ਵੀ ਅਜਿਹਾ ਹੀ ਕਰਨਾ ਸੀ। ਅਜਿਹੀ ਹਾਲਤ 'ਚ ਉਹਨਾਂ ਨੂੰ ਅਜਿਹਾ ਕਿਉਂ ਕਹਿਣਾ ਚਾਹੀਦਾ ਹੈ ਕਿ, 'ਉਸ ਸਮੇਂ ਕਈ ਗੱਲਾਂ ਮੈਨੂੰ ਪਸੰਦ ਨਹੀਂ ਸਨ' ? ਅਜਿਹੀ ਉਹ ਕਿਹੜੀ ਸਮੱਸਿਆ ਹੈ ਜਿਸ ਨਾਲ਼ ਉਸ ਸਮੇਂ ਬਹੁਮਤ ਦੇ ਫੈਸਲੇ ਦਾ ਪਾਲਣ ਕਰਨ ਮਗਰੋਂ ਅੰਬੇਡਕਰ ਨੂੰ ਜੂਝਣਾ ਪੈ ਰਿਹਾ ਹੈ ?

'ਉਹਨਾਂ ਦੀ ਪਸੰਦ ਦਾ ਮੰਤਰਾਲਾ ਨਾ ਮਿਲ਼ਣਾ' ਹੀ ਪੂਰੀ ਸਮੱਸਿਆ ਦੀ ਜੜ੍ਹ ਹੈ! ਇਸ ਲਈ ਕਾਂਗਰਸ ਦਾ ਵਿਰੋਧ ਹੈ! ਇਸ ਮਗਰੋਂ, ਸੰਵਿਧਾਨ ਦਾ ਵਿਰੋਧ! ਉਹਨਾਂ ਨੇ ਤਾਂ ਇਸ 'ਚ ਦੋਸ਼ ਲੱਭਣਾ ਹੀ ਹੈ। ਨਹੀਂ ਤਾਂ ਲੋਕ ਪੁੱਛ ਬਹਿਣਗੇ ਕਿ, 'ਤੁਸੀਂ ਤਾਂ ਖੁਦ ਇਸਨੂੰ ਬਣਾਇਆ ਹੈ, ਜਾਂ ਕਿ ਨਹੀਂ ? ਇਸ ਲਈ ਉਹਨਾਂ ਦਾ ਇਹ ਕਹਿਣਾ ਹੈ ਕਿ, 'ਉਦੋਂ ਮੈਨੂੰ ਹੀ ਕਈ ਗੱਲਾਂ ਪਸੰਦ ਨਹੀਂ ਸਨ'। ਅੰਬੇਡਕਰ ਦਾ ਅਜਿਹਾ ਵਿਸ਼ਵਾਸ ਹੈ ਕਿ ਇਸ ਤਰਕ ਨਾਲ਼ ਉਹ ਬਚ ਜਾਣਗੇ। ਉਹ ਇੰਨੇ ਬੇਫ਼ਿਕਰ ਸਨ ਕਿ ਕੋਈ ਵੀ ਉਹਨਾਂ ਤੋਂ ਇਸ ਤਰ੍ਹਾਂ ਦੇ ਸਵਾਲ ਨਹੀਂ ਕਰ ਸਕਦਾ ਕਿ — 'ਜੇਕਰ ਤੁਹਾਨੂੰ ਇਹ ਕੰਮ ਪਸੰਦ ਨਹੀਂ ਸੀ ਤਾਂ ਤੁਹਾਨੂੰ ਇਹ ਛੱਡ ਦੇਣਾ ਚਾਹੀਦਾ ਸੀ! ਉਸ ਸਮੇਂ, ਤੁਹਾਨੂੰ ਸੰਵਿਧਾਨ ਦੀ ਅਲੋਚਨਾ ਉਂਵ ਹੀ ਕਰਨੀ ਚਾਹੀਦੀ ਸੀ ਜਿਵੇਂ ਕਿ ਤੁਸੀਂ ਹੁਣ ਕਰ ਰਹੇ ਹੋ, ਜਾਂ ਇੰਵ ਨਹੀਂ ਕਰਨਾ ਚਾਹੀਦਾ ਸੀ ?

'ਜੇਕਰ ਇਸ ਸੰਵਿਧਾਨ 'ਚ ਕਈ ਗੱਲਾਂ ਮੈਨੂੰ ਪਸੰਦ ਨਹੀਂ ਸਨ, ਮੈਂ ਬਹੁਮਤ ਦੇ



www.punjabibookspdf.com

ਫੈਸਲੇ ਅਨੁਸਾਰ ਕੰਮ ਕੀਤਾ' — ਅੰਬੇਡਕਰ ਦਾ ਇਹੀ ਤਰਕ ਹੈ। ਫਿਰ ਉਹਨਾਂ ਚੁਣੌਤੀਆਂ ਬਾਰੇ ਅੰਬੇਡਕਰ ਦਾ ਕੀ ਕਹਿਣਾ ਹੈ ਜਿਹੜੀਆਂ ਉਹਨਾਂ ਨੇ ਸੰਵਿਧਾਨ ਸਭਾ 'ਚ ਚਰਚਾ ਦੌਰਾਨ ਰੱਖੀਆਂ ਸਨ ? "ਮੈਂ ਇਹ ਕਹਿਣ ਦਾ ਖਤਰਾ ਮੁੱਲ ਲੈਂਦਾ ਹਾਂ ਕਿ ਇਹ ਸੰਵਿਧਾਨ ਗਲਤ ਨਹੀਂ ਹੈ" — ਕੀ ਇਹ ਸ਼ਬਦ ਵੀ ਉਹਨਾਂ ਨੇ ਬਹੁਮਤ ਦੇ ਫੈਸਲੇ ਦੇ ਅਨੁਰੂਪ ਅਤੇ ਆਪਣੀਆਂ ਇੱਛਾਵਾਂ ਦੇ ਵਿਰੁੱਧ ਕਹੇ ?

ਜਿਸ ਵਿਅਕਤੀ ਨੇ ਉਦੋਂ 'ਖਤਰਾ ਮੁੱਲ ਲਿਆ' ਅਤੇ 'ਚੁਣੌਤੀ' ਦਿੱਤੀ, ਉਹੀ ਵਿਅਕਤੀ ਜੇਕਰ ਹੁਣ ਇਹ ਕਹੇ ਕਿ, 'ਇਹ ਸੰਵਿਧਾਨ ਕਿਸੇ ਲਈ ਵੀ ਲਾਹੇਵੰਦ ਨਹੀਂ ਹੈ! ਮੈਂ ਇਸਨੂੰ ਸਾੜਨ ਨੂੰ ਤਿਆਰ ਹਾਂ', ਤਾਂ ਇਹ ਦੂਜਾ ਖਤਰੇ ਭਰਿਆ ਕੰਮ ਹੋਵੇਗਾ। ਮੌਕਾਪ੍ਰਸਤੀ ਦੇ ਇਸ ਖਤਰੇ ਦੇ ਅੱਗੇ ਸਰਕਸ ਦੇ ਖਿਡਾਰੀਆਂ ਦਾ ਖਤਰਾ ਕਿੱਥੇ ਟਿਕ ਸਕੇਗਾ ? ਅੰਬੇਡਕਰ ਨੇ ਖੁਦ ਇਹ ਗੱਲ ਕਹੀ ਸੀ ਕਿ ਇਸ ਮੁਲਕ ਦੇ ਲੋਕਾਂ ਨੂੰ ਕਾਨੂੰਨ ਦੀ ਪਾਲਣਾ ਕਰਨੀ ਚਾਹੀਦੀ ਹੈ, ਜਾਂ ਕਿ ਉਹਨਾਂ ਨੇ ਅਜਿਹਾ ਨਹੀਂ ਕਿਹਾ ਸੀ ? ਫਿਰ ਤਾਂ ਠੀਕ ਹੈ! ਪਰ ਕੀ ਸੰਵਿਧਾਨ ਦਾ ਫੂਕਿਆ ਜਾਣਾ ਕਾਨੂੰਨ ਦੇ ਦਾਇਰੇ ਅੰਦਰ ਦਾ ਕੰਮ ਹੈ ?

1948 'ਚ ਤਾਂ ਉਹਨਾਂ ਦਾ ਇਹ ਵਿਚਾਰ ਨਹੀਂ ਸੀ ਕਿ 'ਇਹ ਸੰਵਿਧਾਨ ਨਿਰਾਰਥਕ ਹੈ'। ਮਗਰੋਂ ਦੇ ਅਰਸੇ 'ਚ ਉਹਨਾਂ ਨੇ ਅਜਿਹਾ ਵਿਚਾਰ ਕਿਉਂ ਬਣਾ ਲਿਆ ? ਉਸ ਨਿਕਟ ਅਤੀਤ 'ਚ ਅਜਿਹਾ ਕੀ ਹੋਇਆ, ਸਿਵਾਏ ਇਸਦੇ ਕਿ ਅੰਬੇਡਕਰ ਕੋਲ਼ ਹੁਣ ਮੰਤਰੀ ਅਹੁੱਦਾ ਨਹੀਂ ਸੀ!

ਇਹ ਸੰਵਿਧਾਨ ਕੀ ਕਿਸੇ ਲਈ ਵੀ ਲਾਹੇਵੰਦ ਨਹੀਂ ਹੈ ? ਕੀ ਇਹ ਧਨਾਢ ਜਮਾਤ ਲਈ ਵੀ ਲਾਹੇਵੰਦ ਨਹੀਂ ਹੈ ? ਇਸ ਦੇਸ਼ 'ਚ ਧਨਾਢ ਜਮਾਤ ਕੀ ਮੂਰਖ਼ ਹੈ ?

ਅਸੀਂ ਇਹ ਪਹਿਲਾਂ ਹੀ ਦੇਖ ਲਿਆ ਹੈ ਕਿ ਸੰਵਿਧਾਨ ਦਾ ਖਰੜਾ ਤਿਆਰ ਕਰਨ 'ਚ ਅੰਬੇਦਕਰ ਨੇ ਮਿਹਨਤ ਨਹੀਂ ਕੀਤੀ। ਅਸੀਂ ਇਹ ਦੇਖਿਆ ਕਿ ਉਹਨਾਂ ਨੇ ਕੁਝ ਸੋਧਾਂ ਕੀਤੀਆਂ। ਪਰ ਹੁਣ, ਅੰਬੇਡਕਰ ਦੇ ਇਹਨਾਂ ਸ਼ਬਦਾਂ ਤੋਂ ਕੀ ਸੰਕੇਤ ਮਿਲ਼ਦਾ ਹੈ ਜਿਵੇਂ ਕਿ, 'ਇਹ ਸੰਵਿਧਾਨ ਨਿਰਾਰਥਕ ਹੈ' ? ਇਸ ਨਾਲ਼ ਕੀ ਇਹ ਸਿੱਧ ਨਹੀਂ ਹੁੰਦਾ ਹੈ ਕਿ ਅੰਬੇਡਕਰ ਨੇ ਜੋ ਵੀ ਥੋੜ੍ਹੀ-ਬਹੁਤ ਛਾਣ-ਬੀਣ ਕੀਤੀ ਅਤੇ ਕੁਝ ਕੁ ਸੋਧਾਂ ਕੀਤੀਆਂ ਉਹ ਸਭ ਨਿਰਾਰਥਕ ਹਨ ?

ਕਿਸੇ ਵਿਅਕਤੀ ਲਈ ਇਹ ਕਿਵੇਂ ਸੰਭਵ ਹੋ ਸਕਦਾ ਹੈ ਕਿ ਉਹ ਆਪਣੀ ਗੱਲ ਰੱਖਣ ਲਈ ਆਪਣੇ ਹੀ ਤਰਕਾਂ ਨੂੰ ਪਲਟ ਕੇ ਅਜਿਹਾ ਉਲਟਾ ਖੜ੍ਹਾ ਕਰ ਦਿੰਦਾ ਹੈ ਮੰਨੋ, ਜਿਵੇਂ ਕਿ ਇੱਕ ਤੇਲਗੂ ਕਹਾਵਤ ਹੈ, ਉਹਨਾਂ ਦੀ ਜੀਭ ਨਹੀਂ ਹੈ ਸਗੋਂ ਤਾੜ ਦੇ ਰੁੱਖ ਦਾ ਤਣਾ ਹੈ! ਇਸਨੂੰ ਸਮਝਣਾ ਕਿਵੇਂ ਸੰਭਵ ਹੈ ?

ਚਲੋ ਠੀਕ ਹੈ! ਪਰ 'ਦੇਸ਼ ਦੀ ਸੇਵਾ' , 'ਆਜ਼ਾਦੀ ਦੀ ਰੱਖਿਆ' ਵਗੈਰਾ ਦਾ ਕੀ ਬਣਿਆ ?

● ● ● ● ●



www.punjabibookspdf.com

# ਸ਼ਹੀਦ ਭਗਤ ਸਿੰਘ ਯਾਦਗਾਰੀ ਪ੍ਰਕਾਸ਼ਨ ਵੱਲੋਂ ਪ੍ਰਕਾਸ਼ਤ ਕਿਤਾਬਾਂ

| | | |
|---|---|---|
| 1. | ਉਜਰਤੀ ਕਿਰਤ ਅਤੇ ਸਰਮਾਇਆ (ਕਾ. ਮਾਰਕਸ) | 20.00 |
| 2. | ਉਜਰਤ, ਕੀਮਤ ਅਤੇ ਮੁਨਾਫ਼ਾ (ਕਾ. ਮਾਰਕਸ) | 30.00 |
| 3. | ਲੂਈ ਬੋਨਾਪਾਰਟ ਦਾ ਅਠਾਰ੍ਹਵਾਂ ਬਰੂਮੇਰ (ਕਾ. ਮਾਰਕਸ) | 50.00 |
| 4. | ਸੋਸ਼ਲਿਜ਼ਮ: ਵਿਗਿਆਨਕ ਅਤੇ ਯੂਟੋਪੀਆਈ (ਫ਼. ਏਂਗਲਜ਼) | 35.00 |
| 5. | ਟੱਬਰ, ਨਿੱਜੀ ਜਾਇਦਾਦ ਅਤੇ ਰਾਜ ਦੀ ਉਤਪਤੀ (ਫ਼. ਏਂਗਲਜ਼) | 65.00 |
| 6. | ਕਾਰਲ ਮਾਰਕਸ ਬਾਰੇ (ਫ਼. ਏਂਗਲਜ਼) | 05.00 |
| 7. | ਲੁਡਵਿਗ ਫ਼ਿਉਰਬਾਖ਼ ਅਤੇ ਕਲਾਸੀਕੀ ਜਰਮਨ ਦਰਸ਼ਨ ਦਾ ਅੰਤ (ਫ਼. ਏਂਗਲਜ਼) | 30.00 |
| 8. | ਕਾਰਲ ਮਾਰਕਸ ਅਤੇ ਉਨ੍ਹਾਂ ਦੀ ਸਿੱਖਿਆ (ਲੈਨਿਨ) | 35.00 |
| 9. | ਰਾਜ ਅਤੇ ਇਨਕਲਾਬ (ਲੈਨਿਨ) | 50.00 |
| 10. | ਰਾਜ (ਲੈਨਿਨ) | 10.00 |
| 11. | ਖੇਤੀ ਵਿੱਚ ਪੂੰਜੀਵਾਦ (ਲੈਨਿਨ) | 15.00 |
| 12. | ਆਰਥਿਕ ਰੋਮਾਂਚਵਾਦ ਦਾ ਚਰਿੱਤਰ ਚਿਤਰਣ (ਲੈਨਿਨ) | 50.00 |
| 13. | ਰਿਹਾਇਸ਼ੀ ਘਰਾਂ ਦਾ ਸਵਾਲ (ਫ਼. ਏਂਗਲਜ਼) | 35.00 |
| 14. | ਮਾਰਕਸਵਾਦ ਦੇ ਬੁਨਿਆਦੀ ਮਸਲੇ (ਜੀ. ਪਲੈਖਾਨੋਵ) | 40.00 |
| 15. | ਮਾਰਕਸ ਤੇ ਏਂਗਲਜ਼ ਆਪਣੇ ਸਮਕਾਲੀਆਂ ਦੀ ਨਜ਼ਰ ਵਿੱਚ | 75.00 |
| 16. | ਇਤਿਹਾਸ ਨੇ ਜਦ ਕਰਵਟ ਬਦਲੀ (ਵਿਲੀਅਮ ਹਿੰਟਨ) | 40.00 |
| 17. | ਪਾਪ ਅਤੇ ਵਿਗਿਆਨ (ਡਾਈਸਨ ਕਾਰਟਰ) | 60.00 |
| 18. | ਦਵੰਦਵਾਦ ਜਰੀਏ ਲੋਕਾਂ ਦੀ ਸੇਵਾ (ਸੱਭਿਆਚਾਰਕ ਇਨਕਲਾਬ ਦੌਰਾਨ ਚੀਨ ਵਿੱਚ ਹੋਏ ਨਵੇਂ ਪ੍ਰਯੋਗਾਂ ਦੀ ਕਹਾਣੀ) | 10.00 |
| 19. | ਮਾਓ-ਜ਼ੇ-ਤੁੰਗ ਦੀ ਅਮਿੱਟ ਦੇਣ (ਬਾਬ ਅਵੇਕੀਅਨ) | 100.00 |
| 20. | ਇਨਕਲਾਬ ਅੰਦਰ ਇਨਕਲਾਬ (ਆਇਰਿਸ ਹੰਟਰ) | 20.00 |
| 21. | ਸੋਵੀਅਤ ਯੂਨੀਅਨ ਦੇ ਇਤਿਹਾਸ ਸਬੰਧੀ ਪ੍ਰਚਾਰੇ ਜਾਂਦੇ ਝੂਠ | 10.00 |
| 22. | ਚੋਰ, ਭ੍ਰਸ਼ਟ ਤੇ ਅੱਯਾਸ਼ ਨੇਤਾਸ਼ਾਹੀ | 3.00 |
| 23. | ਨਵ-ਉਦਾਰਵਾਦੀ ਨੀਤੀਆਂ ਦੇ ਅਠਾਰਾਂ ਸਾਲ | 3.00 |
| 24. | ਫਿਲਾਸਫੀ ਕੋਈ ਗੋਰਖਧੰਦਾ ਨਹੀਂ (ਇਕ ਚੀਨੀ ਕਿਤਾਬ ਦਾ ਅਨੁਵਾਦ) | 10.00 |
| 25. | ਗ਼ਦਰੀ ਸੂਰਬੀਰ (ਰਣਧੀਰ ਸਿੰਘ) | 10.00 |
| 26. | ਅਜਿਹਾ ਸੀ ਸਾਡਾ ਭਗਤ ਸਿੰਘ (ਸ਼ਿਵ ਵਰਮਾ) | 10.00 |

www.punjabibookspdf.com

27. ਸ਼ਹੀਦ ਚੰਦਰ ਸ਼ੇਖਰ ਆਜ਼ਾਦ (ਭਗਵਾਨ ਦਾਸ ਮਹੌਰ) 10.00
28. ਪੰਜਾਬ ਦਾ ਕਿਸਾਨ ਅੰਦੋਲਨ ਅਤੇ ਕਮਿਊਨਿਸਟ 10.00
29. ਮਾਰਕਸਵਾਦ ਬਾਰੇ ਅੰਬੇਡਕਰ ਦੇ ਵਿਚਾਰ (ਰੰਗਾਨਾਯਕੰਮਾ) 15.00
30. ਜੰਗਲਨਾਮਾ – ਇੱਕ ਸਿਆਸੀ ਪੜਚੋਲ 10.00
31. ਅਮਿੱਟ ਹਨ ਮਜ਼ਦੂਰ ਸੰਗਰਾਮਾਂ ਦੀਆਂ ਚਿਣਗਾਂ 10.00
32. ਸਮਾਜਵਾਦ ਦੀਆਂ ਸਮੱਸਿਆਵਾਂ, ਪੂੰਜੀਵਾਦੀ ਮੁੜ ਬਹਾਲੀ ਅਤੇ ਮਹਾਨ ਪ੍ਰੋਲਤਾਰੀ ਸੱਭਿਆਚਾਰਕ ਇਨਕਲਾਬ 20.00
33. ਕਿਉਂ ਮਾਓਵਾਦ ? 10.00
34. ਸ਼ਹੀਦ ਭਗਤ ਸਿੰਘ ਅਤੇ ਉਨ੍ਹਾਂ ਦੇ ਸਾਥੀਆਂ ਦਾ ਵਿਚਾਰਧਾਰਕ ਵਿਕਾਸ (ਪ੍ਰੋਫੈਸਰ ਬਿਪਨ ਚੰਦਰ) 10.00
35. ਮਜ਼ਦੂਰਾਂ ਦੇ ਖ਼ੂਨ ਨਾਲ ਲਿਖੀ ਪੇਰਿਸ ਕਮਿਊਨ ਦੀ ਅਮਰ ਕਹਾਣੀ 10.00
36. ਬੁਝ ਨਹੀਂ ਸਕਦੀ ਅਕਤੂਬਰ ਇਨਕਲਾਬ ਦੀ ਮਸ਼ਾਲ 10.00
37. ਵਿਦਿਆਰਥੀ–ਨੌਜਵਾਨ ਨਵੀਂ ਸ਼ੁਰੂਆਤ ਕਿੱਥੋਂ ਕਰਨ 10.00
38. ਇਨਕਲਾਬ ਦਾ ਸੁਨੇਹਾ (ਸ਼ਹੀਦ ਭਗਤ ਸਿੰਘ ਅਤੇ ਉਸ ਦੇ ਸਾਥੀਆਂ ਦੀਆਂ ਚੋਣਵੀਆਂ ਲਿਖਤਾਂ) 25.00
39. ਰਾਜਨੀਤਕ ਅਰਥਸ਼ਾਸਤਰ ਦੇ ਮੂਲ ਸਿਧਾਂਤ (ਦੀ ਸ਼ੰਘਾਈ ਟੈਕਸਟ ਬੁੱਕ ਆਫ ਪੋਲੀਟੀਕਲ ਇਕਾਨਮੀ) 60.00
40. ਇਨਕਲਾਬੀ ਲਹਿਰ ਦਾ ਸਿਧਾਂਤਕ ਵਿਕਾਸ (ਸ਼ਿਵ ਵਰਮਾ) 10.00
41. ਰਿਜ਼ਰਵੇਸ਼ਨ (ਪੱਖ, ਵਿਪੱਖ ਅਤੇ ਤੀਸਰਾ ਪੱਖ) 5.00
42. ਸ਼ਹੀਦ ਸੁਖਦੇਵ ਨੌਘਰੇ ਤੋਂ ਫਾਂਸੀ ਤੱਕ 20.00
43. ਭਗਤ ਸਿੰਘ ਨੇ ਕਿਹਾ... 5.00
44. ਸ਼ਹੀਦ ਕਰਤਾਰ ਸਿੰਘ ਸਰਾਭਾ 5.00
45. ਮੈਂ ਨਾਸਤਿਕ ਕਿਉਂ ਹਾਂ ? (ਭਗਤ ਸਿੰਘ) 10.00
46. ਫ਼ਲਸਫ਼ਾਨਾ ਲਿਖ਼ਤਾਂ (ਮਾਓ–ਜ਼ੇ–ਤੁੰਗ) 25.00
47. ਦਹਿਸ਼ਤਗਰਦੀ ਬਾਰੇ ਭਰਮ ਅਤੇ ਯਥਾਰਥ 10.00
48. ਲੈਨਿਨਵਾਦ ਦੀਆਂ ਨੀਹਾਂ (ਸਤਾਲਿਨ) 20.00
49. ਭਾਰਤੀ ਖੇਤੀ ਵਿੱਚ ਪੂੰਜੀਵਾਦੀ ਵਿਕਾਸ 20.00
50. ਨੌਜਵਾਨਾਂ ਨਾਲ਼ ਦੋ ਗੱਲਾਂ (ਪੀਟਰ ਕ੍ਰੋਪੋਟਕਿਨ) 10.00
51. ਸੁਤੰਤਰ ਵਪਾਰ ਦਾ ਸਵਾਲ (ਮਾਰਕਸ, ਏਂਗਲਜ ਅਤੇ ਲੈਨਿਨ ਵਲੋਂ ਸੁਤੰਤਰ ਵਪਾਰ ਸੰਬੰਧੀ ਵਿਚਾਰ) 10.00



www.punjabibookspdf.com

| | | |
|---|---|---|
| 52. | ਆਈਨਸਟੀਨ ਦੇ ਸਮਾਜਿਕ ਸਰੋਕਾਰ | 10.00 |
| 53. | ਫਾਸੀਵਾਦ ਕੀ ਹੈ ? ਅਤੇ ਇਸ ਨਾਲ਼ ਕਿਵੇਂ ਲੜੀਏ ? | 15.00 |
| 54. | ਜਰਮਨੀ ਵਿੱਚ ਇਨਕਲਾਬ ਅਤੇ ਉਲਟ ਇਨਕਲਾਬ (ਏਂਗਲਜ਼) | 50.00 |
| 55. | ਫ਼ਿਉਰਬਾਖ਼: ਪਦਾਰਥਵਾਦੀ ਅਤੇ ਆਦਰਸ਼ਵਾਦੀ ਦ੍ਰਿਸ਼ਟੀਕੋਣਾਂ ਦਾ ਵਿਰੋਧ (ਮਾਰਕਸ-ਏਂਗਲਜ਼) | 60.00 |
| 56. | ਮਾਰਕਸ ਦੇ 'ਸਰਮਾਇਆ' ਬਾਰੇ (ਏਂਗਲਜ਼) | 60.00 |
| 57. | ਸਿਆਸੀ ਆਰਥਿਕਤਾ ਦੀ ਅਲੋਚਨਾ ਵਿੱਚ ਯੋਗਦਾਨ (ਮਾਰਕਸ) | 125.00 |
| 58. | ਫ਼ਰਾਂਸ ਅਤੇ ਜਰਮਨੀ ਵਿੱਚ ਕਿਸਾਨੀ ਦਾ ਸਵਾਲ (ਏਂਗਲਜ਼) | 20.00 |
| 59. | ਪੂੰਜੀ ਦੀ ਉਤਪਤੀ (ਮਾਰਕਸ) | 45.00 |
| 60. | ਦੂਜੀ ਇੰਟਰਨੈਸ਼ਨਲ ਦਾ ਪਤਣ (ਲੈਨਿਨ) | 45.00 |
| 61. | ਸਾਮਰਾਜਵਾਦ ਪੂੰਜੀਵਾਦ ਦਾ ਸਰਵਉੱਚ ਪੜਾਅ (ਲੈਨਿਨ) | 70.00 |
| 62. | ਇੱਕ ਕਦਮ ਅੱਗੇ ਦੋ ਕਦਮ ਪਿੱਛੇ (ਲੈਨਿਨ) | 125.00 |
| 63. | ਲੋਕਾਂ ਵਿੱਚ ਕੰਮ ਕਿਵੇਂ ਕਰੀਏ (ਲੈਨਿਨ) | 65.00 |
| 64. | ਸਾਹਿਤ ਅਤੇ ਕਲਾ ਬਾਰੇ (ਲੈਨਿਨ) | 150.00 |
| 65. | ਸਮਾਜਵਾਦ ਤੇ ਜੰਗ (ਲੈਨਿਨ) | 45.00 |
| 66. | ਖੱਬੇ ਪੱਖੀ ਕਮਿਊਨਿਜ਼ਮ ਇੱਕ ਬਚਗਾਨਾ ਰੋਗ (ਲੈਨਿਨ) | 65.00 |
| 67. | ਅਸੀਂ ਜਿਹੜਾ ਵਿਰਸਾ ਤਿਆਗਦੇ ਹਾਂ (ਲੈਨਿਨ) | 25.00 |
| 68. | ਪ੍ਰੋਲੇਤਾਰੀ ਇਨਕਲਾਬ ਅਤੇ ਭਗੌੜਾ ਕਾਊਟਸਕੀ (ਲੈਨਿਨ) | 70.00 |
| 69. | ਲੈਨਿਨ ਦੀ ਜੀਵਨ ਕਹਾਣੀ (ਮਾਰੀਆ ਪ੍ਰਿਲਿਯੇਵਾ) | 100.00 |
| 70. | ਅਜਿੱਤ ਬਾਲਸ਼ਵਿਕ ਨਤਾਸ਼ਾ | 30.00 |
| 71. | ਸੋਵੀਅਤ ਅਰਥ-ਸ਼ਾਸਤਰ ਦੀ ਅਲੋਚਨਾ (ਮਾਓ ਜ਼ੇ-ਤੁੰਗ) | 60.00 |
| 72. | ਚੀਨ ਵਿੱਚ ਉਲਟ ਇਨਕਲਾਬ ਅਤੇ ਮਾਓ ਦਾ ਇਨਕਲਾਬੀ ਵਿਰਸਾ (ਬਾਬ ਆਵੇਕਿਅਨ) | 60.00 |
| 73. | ਮਾਓਵਾਦੀ ਅਰਥ-ਸ਼ਾਸਤਰ ਤੇ ਸਮਾਜਵਾਦ ਦਾ ਭਵਿੱਖ (ਰੇਮੰਡ ਲੋਟਾ) | 60.00 |
| 74. | ਸੰਵਿਧਾਨ ਦਾ 'ਖਰੜਾ' ਤਿਆਰ ਕਰਨ 'ਚ ਅੰਬੇਡਕਰ ਦੀ ਭੂਮਿਕਾ (ਰੰਗਾਨਾਯਾਕੰਮਾ) | 15.00 |
| 75. | ਮਾਰਕਸਵਾਦ ਅਤੇ ਜਾਤ ਦਾ ਸਵਾਲ (ਸੁਖਵਿੰਦਰ) | 20.00 |
| 76. | ਭਾਰਤ ਦੇ ਇਤਿਹਾਸ ਵਿੱਚ ਜਾਤ-ਪਾਤ (ਪ੍ਰੋ. ਇਰਫ਼ਾਨ ਹਬੀਬ) | 10.00 |



www.punjabibookspdf.com

**'ਸ਼ਹੀਦ ਭਗਤ ਸਿੰਘ ਯਾਦਗਾਰੀ ਪ੍ਰਕਾਸ਼ਨ'** ਇੱਕ ਗੈਰ ਵਪਾਰਕ ਅਦਾਰਾ ਹੈ। ਇਹ ਪ੍ਰਕਾਸ਼ਨ ਮੁਨਾਫ਼ੇ ਲਈ ਨਹੀਂ, ਸਗੋਂ ਸਮਾਜ ਵਿੱਚ ਚੇਤਨਾ ਦੇ ਪਸਾਰੇ ਲਈ ਕਿਤਾਬਾਂ ਛਾਪਦਾ ਹੈ। ਇਹ ਪ੍ਰਕਾਸ਼ਨ ਸਰਕਾਰ, ਸਾਮਰਾਜੀ ਫੰਡਿੰਗ ਏਜੰਸੀਆਂ, ਪ੍ਰਸ਼ਾਸਨ, ਸਰਮਾਏਦਾਰ ਘਰਾਣਿਆਂ, ਸੰਸਦੀ ਸਿਆਸੀ ਪਾਰਟੀਆਂ ਜਾਂ ਕਿਸੇ ਤੋਂ ਕੋਈ ਵੀ ਸ਼ਰਤੀਆ ਵਿੱਤੀ ਮਦਦ ਨਹੀਂ ਲੈਂਦਾ। ਇਹ ਪ੍ਰਕਾਸ਼ਨ ਆਮ ਕਿਰਤੀ ਲੋਕਾਂ, ਵਿਦਿਆਰਥੀਆਂ-ਨੌਜਵਾਨਾਂ, ਲੋਕ-ਪੱਖੀ ਬੁੱਧੀਜੀਵੀਆਂ ਦੇ ਸਹਿਯੋਗ ਨਾਲ਼ ਕਿਤਾਬਾਂ ਛਾਪਦਾ ਹੈ। ਕਿਤਾਬਾਂ ਦੇ ਪ੍ਰਕਾਸ਼ਨ ਅਤੇ ਵੰਡ ਦੇ ਪੂਰੇ ਪ੍ਰਬੰਧ ਵਿੱਚ ਕੋਈ ਵੀ ਤਨਖਾਹਦਾਰ ਮੁਲਾਜ਼ਮ ਨਹੀਂ ਹੈ। ਇਹ ਪੂਰਾ ਪ੍ਰਾਜੈਕਟ ਸਮਾਜਿਕ ਤਬਦੀਲੀ ਲਈ ਸਮਰਪਿਤ ਵਲੰਟੀਅਰਾਂ ਦੇ ਦਮ 'ਤੇ ਅੱਗੇ ਵੱਧ ਰਿਹਾ ਹੈ।



www.punjabibookspdf.com

www.punjabibookspdf.com



ਸ਼ਹੀਦ ਭਗਤ ਸਿੰਘ
ਯਾਦਗਾਰੀ ਪ੍ਰਕਾਸ਼ਨ,
ਲੁਧਿਆਣਾ

ਕੀਮਤ — 15. ਰੁਪਏ